ੴ


ਜਾਗਿਆ ਜਗਤਾ ਜਗਤ ਮੈ ਜਿਉ ਮੰਦਰ ਮਹਿ ਦੀਪ ।।
ਸਭ ਜਗ ਚਾਨਣ ਕਰ ਦੀਆ ਭਾਰਤ ਖੰਡ ਕੇ ਦੀਪ ।।

# ਭਾਈ ਘਨੱਈਆ

# ਸੇਵਾ ਜੋਤੀ

ਜਨਵਰੀ
ਸੰਨ 2002

ਧੰਨ ਭਾਈ ਜਗਤਾ ਜੀ ਸਾਹਿਬ




## ਟਿਕਾਣਾ ਭਾਈ ਜਗਤਾ ਜੀ ਸਾਹਿਬ

੧ੴ ਸਤਿਗੁਰ ਪ੍ਰਸਾਦਿ ।।

ਬਾਣੀ ਪ੍ਰਭ ਕੀ ਸਭੁ ਕੋ ਬੋਲੈ ।।
ਆਪਿ ਅਡੋਲੁ ਨ ਕਬਹੂ ਡੋਲੈ ।।

# ਮਹਾਨ ਤਿਆਗੀ, ਵੈਰਾਗੀ ਤੇ ਤਪੱਸਵੀ



ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ ਦੇ ਨਿਰਮਾਤਾ
ਭਾਈ ਜਗਤਾ ਜੀ ਹਾਈ ਸਕੂਲ ਅਤੇ ਗਰਲਜ਼ ਕਾਲਜ ਦੇ ਸੰਸਥਾਪਕ

## ਸ੍ਰੀਮਾਨ 108 ਮਹੰਤ ਭਾਈ ਆਸਾ ਸਿੰਘ ਜੀ

ਜਿਨ੍ਹਾਂ ਦੀ 28ਵੀਂ ਪਾਵਨ ਯਾਦ ਤੇ ਸਾਲਾਨਾ ਯੱਗ-ਸਮਾਗਮ ਇਕੱਠੇ
ਮਿਤੀ 13,14 ਤੇ 15 ਜਨਵਰੀ ਸੰਨ 2002
ਦਿਨ ਐਤਵਾਰ, ਸੋਮਵਾਰ ਅਤੇ ਮੰਗਲਵਾਰ ਨੂੰ ਮਨਾਏ ਜਾ ਰਹੇ ਹਨ

੧ੴ ਸਤਿਗੁਰ ਪ੍ਰਸਾਦਿ ॥

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

# ਭਾਈ ਘਨੱਈਆ ਸੇਵਾ ਜੋਤੀ ਪੰਜਾਬੀ ਮਾਸਿਕ

ਸਾਲ : 19ਵਾਂ ਅੰਕ ਨੰ : 1 ਜਨਵਰੀ 2002 ਕੀਮਤ :ਅਮੁੱਲ



ਮੁੱਖ ਸਰਪ੍ਰਸਤ : ਸੰਤ ਬਾਬਾ ਤੀਰਥ ਸਿੰਘ ਸੇਵਾ ਪੰਥੀ Ph.0164-262012 Mob:98140-32957

ਸਰਪ੍ਰਸਤ : ਸੰਤ ਕਾਹਨ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ਫੋਨ 263333 ਮੋਬਾ: 98140-04503, ਮਹੰਤ ਈਸਵਰ ਦਾਸ ਸ਼ਾਸਤਰੀ ਜਲੰਧਰ, ਸੰਤ ਹਰਪਾਲ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ, ਸੰਤ ਗੁਰਚਰਨ ਸਿੰਘ ਮੋਬਾ: 98140-02004, ਸੰਤ ਰਣਜੀਤ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ਫੋਨ : 262276 ਮੋਬਾ: 98140-35191, ਸ੍ਰ: ਤ੍ਰਿਲੋਚਣ ਸਿੰਘ ਸੇਠੀ ਮੁੰਬਈ।

ਮੁੱਖ ਸਲਾਹਕਾਰ : ਸ੍ਰ: ਵਜਿੰਦਰ ਸਿੰਘ ਐਡਵੋਕੇਟ ਅੰਬਾਲਾ, ਸ੍ਰ: ਨਰਿੰਦਰ ਸਿੰਘ 'ਸੋਚ' ਅੰਮ੍ਰਿਤਸਰ, ਸ: ਸੁਰਜਨ ਸਿੰਘ ਘੁਲਿ.ਮੋਬਾ :98140-94817 ਸਰਦਾਰਨੀ ਭੁਪਿੰਦਰ ਕੌਰ ਪਤਨੀ ਸ੍ਰ: ਜੀ·ਐਸ·ਬਜਾਜ ਦਿੱਲੀ, ਸ੍ਰ: ਜਸਪਾਲ ਸਿੰਘ ਹਿੰਦੁਸਤਾਨ ਰੈਫਰੀਜੇਸ਼ਨ ਦਿੱਲੀ।

ਸੰਪਾਦਕੀ ਬੋਰਡ
ਮੁੱਖ ਸੰਪਾਦਕ : ਚਮਨ ਸਿੰਘ "ਚਮਨ" ਮੋਬਾ : 98140-75504
Internet Edition Editor : ਭੁਪਿੰਦਰ ਸਿੰਘ ਸੇਵਾ-ਪੰਥੀ Ph. 262657
ਸ: ਸੰਪਾਦਕ : ਅਮਰਜੀਤ ਸਿੰਘ "ਮਾਛੀਵਾੜਾ" Ph. 262051


## ਤਤਕਰਾ


| ਲੜੀ ਨੰ : | ਲੋਅ | ਪ੍ਰਕਾਸ਼ਮਾਨ ਜੋਤਾਂ | ਪੰਨਾ |
|---|---|---|---|
| 1. | ਮਾਘਿ ਮਹੀਨੇ ਦਾ ਮੂਲ ਪਾਠ ਤੇ ਵਿਸ਼ੇਸ਼ ਤਿੱਥ-ਤਿਉਹਾਰ | ਸਹਾਇਕ ਸੰਪਾਦਕ | 2 |
| 2. | ਸੰਪਾਦਕੀ | ਚਮਨ ਸਿੰਘ 'ਚਮਨ' | 3 |
| 3. | ਦਸਮੇਸ਼ ਗੁਰਪੁਰਬ ਦੀ ਵਧਾਈ | ਮਹੰਤ ਤੀਰਥ ਸਿੰਘ | 5 |
| 4. | ਕੰਠ-ਸ਼ੁੱਧ ਗੁਰਬਾਣੀ ਉਚਾਰਣ ਪ੍ਰਤਿਯੋਗਤਾ | ਸੰਤ ਕਾਹਨ ਸਿੰਘ 'ਸੇਵਾ ਪੰਥੀ | 6 |
| 5. | ਪ੍ਰੋਗਰਾਮ ਪ੍ਰਚਾਰ ਯਾਤਰਾ | ਮੈਨੇਜਰ ਇੰਦਰਜੀਤ ਸਿੰਘ | 7 |
| 6. | ਕਥਾ ਸੁਖਮਨੀ ਸਾਹਿਬ (ਕਿਸਤ ਨੰ: ੫੪) | ਤੀਰਥ ਸਿੰਘ 'ਸੇਵਾ ਪੰਥੀ' | 8 |
| 7. | ਸੋ ਦਰੁ ਰਹਿਰਾਸ ਸਾਹਿਬ (ਕਿਸਤ ਨੰ: ੨੯) | ਸੰਤ ਕਾਹਨ ਸਿੰਘ 'ਸੇਵਾ ਪੰਥੀ' | 11 |
| 8. | ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ | ਭਾਈ ਨੰਦ ਲਾਲ ਜੀ ਗੋਯਾ | 14 |
| 9. | ਗੁਰੂ ਗੋਬਿੰਦ ਸਿੰਘ ਜੀ ਦੀ ਸੰਖੇਪ ਜੀਵਨੀ | ਗੁਰਮੀਤ ਕੌਰ 'ਮੀਤ' | 15 |
| 10. | ਦਰਿਆਵਾਂ ਦਾ ਦੋਸਤ ਗੁਰੂ ਗੋਬਿੰਦ ਸਿੰਘ | - ਨਰਿੰਜਨ ਸਿੰਘ ਸਾਥੀ | 16 |
| 11. | ਮਹੰਤ ਭਾਈ ਆਸਾ ਸਿੰਘ ਜੀ | ਸੰਤ ਕਾਹਨ ਸਿੰਘ 'ਸੇਵਾ ਪੰਥੀ' | 20 |
| 12. | ਵਿਸ਼ੇਸ਼ ਭਾਗ ਬਾਬਾ ਜਗਤਾ ਜੀ | ਨਰਿੰਦਰ ਸਿੰਘ 'ਸੋਚ' | 25 |
| 13. | **ਬਾਬਾਣੀਯਾਂ-ਕਹਾਣੀਯਾਂ** | **ਜੋਗਿਨ੍ਦ੍ਰ ਸਿੰਹ 'ਸਾਗਰ'** | 37 |
| 14. | ਵਰ - ਘਰ | ਭੁਪਿੰਦਰ ਸਿੰਘ 'ਸੇਵਾ ਪੰਥੀ' | 40 |

ੴ ਸਤਿਗੁਰ ਪ੍ਰਸਾਦਿ ॥

# ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

## ਮਾਘਿ

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨ ॥੧੨॥

| | | | | |
|---|---|---|---|---|
| ਸੰਮਤ ਬਿਕ੍ਰਮੀ | 2058 | ਗੁਰਪੁਰਬ ਤੇ | ਮੱਸਿਆ | 13 ਜਨਵਰੀ |
| ਸੰਮਤ ਨਾਨਕਸ਼ਾਹੀ | 533 | ਵਿਸ਼ੇਸ਼ ਦਿਵਸ | ਸੰਗਰਾਂਦ | 14 ਜਨਵਰੀ |
| ਸੰਮਤ ਖ਼ਾਲਸਾ | 303 | ਜਨਵਰੀ | ਪੰਚਮੀ | 18 ਜਨਵਰੀ |
| ਸੰਮਤ ਸਾਕਾ | 1923 | 2002 | ਪੂਰਨਮਾਸ਼ੀ | 28 ਜਨਵਰੀ |

| | | |
|---|---|---|
| * ਅਵਤਾਰ ਪੁਰਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ | 21ਜਨਵਰੀ | ਸੋਮਵਾਰ |
| * ਲੋਹੜੀ | 13 ਜਨਵਰੀ | ਐਤਵਾਰ |
| * ਮੇਲਾ ਮਾਘੀ ਮੁਕਤਸਰ | 14 ਜਨਵਰੀ | ਸੋਮਵਾਰ |
| * 190ਸਾਲਾ ਸਾਲਾਨਾ ਸਮਾਗਮ ਭਾਈ ਜਗਤਾ ਜੀ ਸਾਹਿਬ (ਗੋਨਿਆਣਾ ਮੰਡੀ) | 15 ਜਨਵਰੀ | ਮੰਗਲਵਾਰ |
| * ਰੀਪਬਲਿਕ ਡੇ | 26 ਜਨਵਰੀ | ਸ਼ਨੀਵਾਰ |
| * ਜ. ਦਿਵਸ ਬਾਬਾ ਦੀਪ ਸਿੰਘ ਜੀ ਸ਼ਹੀਦ(ਅੰਮ੍ਰਿ:) | 27 ਜਨਵਰੀ | ਐਤਵਾਰ |
| * ਜਨਮਦਿਨ ਲਾਲਾ ਲਾਜਪਤ ਰਾਏ ਜੀ | 28 ਜਨਵਰੀ | ਸੋਮਵਾਰ |
| * ਸ਼ਹੀਦੀ ਦਿਨ ਮਹਾਤਮਾ ਗਾਂਧੀ ਜੀ | 30 ਜਨਵਰੀ | ਬੁਧਵਾਰ |

ਸੰਪਾਦਕੀ

## ਸੇਵਾ ਪੰਥੀ ਤੇ ਪ੍ਰਮੁੱਖ ਸੇਵਾ ਕੇਂਦਰ

# ਟਿਕਾਣਾ ਭਾਈ ਜਗਤਾ ਜੀ

ਸ੍ਰਿਸ਼ਟੀ ਦੀ ਸਿਰਜਣਾ ਦੇ ਸਮੇਂ ਤੋਂ ਸੰਸਾਰ ਵਿੱਚ ਸਮੇਂ-ਸਮੇਂ ਅਣਗਿਣਤ ਦੇਵੀ-ਦੇਵਤੇ, ਰਿਸ਼ੀ-ਮੁਨੀ, ਜਪੀ-ਤਪੀ, ਯੋਗੀ-ਜੰਗਮ, ਪੀਰ-ਪੈਗੰਬਰ, ਗੁਰੂ-ਅਵਤਾਰ, ਸਾਧੂ-ਸੰਤ, ਧਰਮੀ-ਕਰਮੀ, ਤਿਆਗੀ-ਵੈਰਾਗੀ ਅਤੇ ਸ਼ਹੀਦ-ਮੁਰੀਦ ਹੋ ਗੁਜ਼ਰੇ ਹਨ। ਪਰ ਉਨ੍ਹਾਂ ਵਿੱਚ ਉੱਚੀ-ਸੁੱਚੀ ਕਰਨੀ ਵਾਲੇ ਮਹਾਂਪੁਰਖਾਂ ਦੀ ਇੱਕ ਵੱਖਰੀ ਜਮਾਤ ਹੈ ਜਿਨ੍ਹਾਂ ਦਾ ਕੋਈ ਸਾਨੀ ਨਹੀਂ ਹੋਇਆ। ਇਹ ਰੱਬੀ ਆਸ਼ਕ ਉਸ ਦੀ ਰਜ਼ਾ ਵਿੱਚ ਰਾਜ਼ੀ, ਸਾਦਗੀ ਦੇ ਮੁਜੱਸਮੇ, ਮਨ ਦੇ ਨੀਵੇਂ, ਮੱਤ ਦੇ ਉੱਚੇ, ਕਰਨੀ ਦੇ ਪੂਰੇ, ਜਤ-ਸਤ ਦੇ ਸੂਰੇ ਹੱਥਾਂ ਦੇ ਸਖੀ, ਸਦਾ ਨਦਰੀ ਨਦਰ ਨਿਹਾਲ ਅਵਸਥਾ ਵਿੱਚ ਰਹਿਣ ਵਾਲੇ ਹੁੰਦੇ ਹਨ। ਬਿਨਾਂ ਵਿਤਕਰੇ ਦੀਨ-ਦੁਨੀਆਂ ਦੀ ਸੇਵਾ ਕਮਾਉਣੀ ਇਨ੍ਹਾਂ ਦਾ ਇਸ਼ਟ ਹੈ, ਲੋੜਵੰਦਾਂ ਦੀ ਲੋੜ ਪੂਰਤੀ ਇਨ੍ਹਾਂ ਦਾ ਸਿਮਰਨ, ਗੁਰਬਾਣੀ, ਗੁਰਮਤਿ, ਗੁਰਸਿੱਖੀ ਦਾ ਪ੍ਰਚਾਰ ਇਨ੍ਹਾਂ ਦੇ ਜੀਵਨ ਦਾ ਮਨੋਰਥ ਹੈ। ਇਹ ਸੇਵਾ ਜੋਤੀਆਂ ਆਪਣੇ ਆਪ ਨੂੰ ਸੇਵਾ ਪੰਥੀ ਅਖਵਾਉਣ ਤੇ ਲਿਖਣ ਵਿੱਚ ਪ੍ਰਸੰਨਚਿੱਤ ਮਹਿਸੂਸ ਕਰਦੀਆਂ ਹਨ। ਉਨ੍ਹਾਂ ਵੱਲੋਂ ਸ੍ਰੀ ਅੰਮ੍ਰਿਤਸਰ ਸਾਹਿਬ, ਪਟਿਆਲਾ, ਹੁਸ਼ਿਆਰਪੁਰ, ਯਮੁਨਾ ਨਗਰ (ਜਗਾਧਰੀ), ਦਿੱਲੀ, ਰੋਹਤਕ, ਰਿਵਾੜੀ, ਕਲਾਨੌਰ, ਕਰਨਾਲ, ਸਹਾਰਨਪੁਰ, ਅੰਬਾਲਾ, ਹਰਿਦੁਆਰ, ਮਲੋਟ ਆਦਿ ਨਗਰਾਂ ਵਿੱਚ ਸੇਵਾ ਸਥਾਨ ਸਥਾਪਿਤ ਹਨ ਜਿੱਥੇ ਕਿ ਜਨ ਸੇਵਾ ਤੇ ਪਰਉਪਕਾਰ ਦੇ ਅਥਾਹ ਕਾਰਜ ਹੋ ਰਹੇ ਹਨ।

ਸੇਵਾ ਸਥਾਨ ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ ਸੇਵਾ ਪੰਥੀਆਂ ਦਾ ਪ੍ਰਮੁੱਖ ਸੇਵਾ ਕੇਂਦਰ ਹੈ, ਜਿਸ ਨੂੰ ਸੇਵਾ ਤੇ ਸਿੱਖਿਆ ਦਾ ਚਾਨਣ ਮੁਨਾਰਾ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਇਸ ਟਿਕਾਣੇ ਦਾ ਪਿਛੋਕੜ ਨੂਰਪੁਰ (ਥਲ) ਜ਼ਿਲ੍ਹਾ ਸ਼ਾਹਪੁਰ ਪਾਕਿਸਤਾਨ ਨਾਲ ਸੰਬੰਧਿਤ ਹੈ। ਇਸ ਦੀ ਨਾਦੀ ਬੰਸਾਵਲੀ ਮੁਕਟਮਣੀ ਭਾਈ ਘਨੱਈਆ ਸਾਹਿਬ ਜੀ ਤੋਂ ਆਰੰਭ ਹੁੰਦੀ ਹੈ। ਉਨ੍ਹਾਂ ਦੇ ਮੁੱਖ ਪਥ-ਪ੍ਰਦਰਸ਼ਕਾਂ ਦੀ ਲੜੀ ਵਿੱਚ ਭਾਈ ਸੇਵਾ ਰਾਮ ਜੀ, ਭਾਈ ਭੱਲਾ ਰਾਮ ਜੀ, ਭਾਈ ਜਗਤਾ ਜੀ ਸਾਹਿਬ, ਭਾਈ ਹਜ਼ਾਰੀ ਰਾਮ ਜੀ, ਭਾਈ ਸਹਾਈ ਰਾਮ ਜੀ, ਭਾਈ ਅੱਡਣ ਸਾਹਿਬ ਜੀ, ਭਾਈ ਰਲਿਆ ਰਾਮ ਜੀ, ਭਾਈ ਲਖਮੀ ਦਾਸ ਜੀ, ਦਸਵੇਂ ਥਾਂ ਮਹੰਤ ਭਾਈ ਗੁਲਾਬ ਸਿੰਘ ਜੀ ਤੱਕ ਪੁੱਜਦੀ ਹੈ।

ਭਾਰਤ ਵਿੱਚ ਗੋਨਿਆਣਾ ਮੰਡੀ ਵਿਖੇ ਨੂਰਪੁਰ ਵਾਲੇ ਡੇਰੇ ਦੀ ਪੁਨਰ ਸਥਾਪਨਾ ਸ੍ਰੀਮਾਨ ਮਹੰਤ ਭਾਈ ਗੁਲਾਬ ਸਿੰਘ ਜੀ ਨੇ ਕੀਤੀ। ਨਵੀਨ ਇਤਿਹਾਸ ਇੱਥੋਂ ਅੱਗੇ ਚਲਦਾ ਹੈ। ਮਹੰਤ ਭਾਈ ਗੁਲਾਬ ਸਿੰਘ ਜੀ ਤੋਂ ਬਾਅਦ ਮਹੰਤ ਭਾਈ ਆਸਾ ਸਿੰਘ ਜੀ ਅਤੇ ਵਰਤਮਾਨ ਸਮੇਂ ਉਨ੍ਹਾਂ ਦੀ ਜੋਤੀ ਦੇ ਸਰੂਪ ਸੇਵਾ ਤੇ ਸਿਮਰਨ ਦੇ ਪੁੰਜ, ਪ੍ਰੇਰਨਾ ਸਰੋਤ ਸ੍ਰੀਮਾਨ 108 ਮਹੰਤ ਭਾਈ ਤੀਰਥ ਸਿੰਘ ਜੀ ਹਨ। ਜਿਨ੍ਹਾਂ ਦੇ ਸਖੀ ਹੱਥਾਂ ਵਿੱਚ ਟਿਕਾਣਾ ਦਿਨ ਦੁੱਗਣੀ ਤੇ ਰਾਤ ਚੌਗੁਣੀ ਉੱਨਤੀ ਕਰਕੇ ਜਗਤ ਪ੍ਰਸਿੱਧ ਹੋ ਗਿਆ ਹੈ।

ਇਸ ਵੇਲੇ ਟਿਕਾਣਾ ਸਾਹਿਬ ਵਿਖੇ ਤਹਿਖ਼ਾਨਿਆਂ ਉੱਪਰ ਬੜਾ ਸੁੰਦਰ ਵਿਸ਼ਾਲ ਦਰਬਾਰ ਹਾਲ ਹੈ ਜਿੱਥੇ ਨਿੱਤ-ਨੇਮ ਨਾਲ ਗੁਰਬਾਣੀ, ਗੁਰਮਤਿ, ਗੁਰਸਿੱਖੀ ਦੇ ਪ੍ਰੋਗਰਾਮਾਂ ਦਾ ਪ੍ਰਵਾਹ ਜਾਰੀ

ਰਹਿੰਦਾ ਹੈ। ਦਰਸ਼ਨੀ ਡਿਉਢੀ ਦੇ ਦਿਲਕਸ਼ ਗੁੰਬਦ ਤੇ ਝੂਲਦਾ ਨਿਸ਼ਾਨ ਸਾਹਿਬ ਦਿਲਾਂ ਨੂੰ ਧੂਹ ਪਾਉਂਦਾ ਹੈ, ਗੁਰੂ ਲੰਗਰ ਹਾਲ ਵਿੱਚ ਹਰ ਸਮੇਂ ਗੁਰੂ ਕਾ ਲੰਗਰ ਵਰਤਦਾ ਹੈ। ਰਾਹੀਆਂ, ਪਾਂਧੀਆਂ ਲਈ ਹਰ ਪੱਖੋਂ ਆਰਾਮਦੇਹ ਸੰਤਪੁਰਾ, ਭਾਈ ਭੱਲਾ ਰਾਮ ਆਸ਼ਰਮ, ਭਾਈ ਲਖਮੀ ਦਾਸ ਆਸ਼ਰਮ ਦੀਆਂ ਸਰਾਵਾਂ ਖੁੱਲ੍ਹੀਆਂ ਰਹਿੰਦੀਆਂ ਹਨ। ਗੁਰੂ ਨਾਨਕ ਲਾਇਬਰੇਰੀ ਭਵਨ ਦੀ ਦੋ ਮੰਜ਼ਿਲਾਂ ਵਿਸ਼ਾਲ ਇਮਾਰਤ ਦੇ ਉੱਪਰਲੇ ਹਾਲ ਵਿੱਚ ਵਿਸ਼ੇਸ਼ ਦੀਵਾਨ ਸਜਦੇ ਹਨ। ਹੇਠਲਾ ਹਾਲ ਵੱਡੇ ਸਮਾਗਮਾਂ ਸਮੇਂ ਲੰਗਰ ਛਕਾਉਣ ਲਈ ਵਰਤੋਂ ਵਿੱਚ ਆਉਂਦਾ ਹੈ। ਟਿਕਾਣੇ ਵਿੱਚ ਆਟੋ ਜਨਰੇਟਰ, ਟਿਊਬ-ਵੈੱਲ, ਵਾਟਰ ਵਰਕਸ ਦਾ ਆਪਣਾ ਪ੍ਰਬੰਧ ਹੈ। ਦੋ ਮੰਜ਼ਿਲਾ ਮਹੰਤ ਗੁਲਾਬ ਸਿੰਘ ਨਿਵਾਸ ਤੇ ਤਿੰਨ ਮੰਜ਼ਿਲਾ ਸ੍ਰੀ ਗੁਰੂ ਤੇਗ ਬਹਾਦਰ ਭਵਨ ਵਿੱਚ ਭਾਈ ਘਨੱਈਆ ਚੈਰੀਟੇਬਲ ਹਸਪਤਾਲ ਜਿਸ ਵਿੱਚ ਅੱਖ ਵਿਭਾਗ ਅੰਤੇ ਵਿਸ਼ੇਸ਼ ਤੌਰ ਤੇ ਦੰਦ ਵਿਭਾਗ ਸਥਾਪਿਤ ਹਨ। ਭਾਈ ਜਗਤਾ ਜੀ ਹਾਈ/ਪਬਲਿਕ ਸਕੂਲ ਅਤੇ ਉਸ ਨਾਲ ਸੰਬੰਧਿਤ 26 ਬਰਾਂਚ ਸਕੂਲ ਪਿੰਡਾਂ ਵਿੱਚ ਚੱਲ ਰਹੇ ਹਨ। ਗੁਰੂ ਨਾਨਕ ਲਾਇਬਰੇਰੀ, ਭਾਈ ਸੇਵਾ ਰਾਮ ਵਚਿੱਤਰਸ਼ਾਲਾ, ਭਾਈ ਘਨੱਈਆਂ ਸੇਵਾ ਜੋਤੀ ਪੰਜਾਬੀ ਮਾਸਿਕ, ਅੱਡਣ ਸ਼ਾਹੀ ਪ੍ਰਿੰਟਿੰਗ ਪ੍ਰੈਸ, ਮਾਤਾ ਤ੍ਰਿਪਤਾ ਚੈਰੀਟੇਬਲ ਟ੍ਰਸਟ, ਭਾਈ ਘਨੱਈਆ ਚੈਰੀਟੇਬਲ ਟ੍ਰਸਟ, ਭਾਈ ਜਗਤਾ ਜੀ ਸਿਲਾਈ-ਬੁਣਾਈ ਸੈਂਟਰ, ਸੇਵਾ ਪੰਥੀ ਗੁਰਮਤਿ ਵਿਦਿਆਲਾ, ਐਸ.ਟੀ.ਡੀ.ਪੀ.ਸੀ.ਓ ਆਦਿ ਅਦਾਰੇ ਸਫਲਤਾ ਪੂਰਵਕ ਚੱਲ ਰਹੇ ਹਨ। ਟਿਕਾਣੇ ਅਧੀਨ ਗੁਰਦੁਆਰਾ ਭਾਈ ਘਨੱਈਆ ਨਗਰ (ਰੇਲਵੇ ਫਾਟਕ) ਵਿਖੇ ਨਵਾਂ ਟਿਊਬ-ਵੈੱਲ, ਵਾਟਰ ਵਰਕਸ ਤੇ ਸ਼ਾਪ ਕੰਪਲੈਕਸ ਸਥਾਪਿਤ ਕੀਤੇ ਗਏ ਹਨ। ਭਾਈ ਘਨੱਈਆ ਨਗਰ ਵਿਖੇ ਹੀ ਭਾਈ ਆਸਾ ਸਿੰਘ ਗਰਲਜ਼ ਕਾਲਜ ਦੀ ਤਿੰਨ ਮੰਜ਼ਿਲਾ ਆਲੀਸ਼ਾਨ ਇਮਾਰਤ ਉਸਾਰੀ ਗਈ ਹੈ। ਜਿਸ ਉੱਪਰ ਲਗਭਗ ਢਾਈ ਕਰੋੜ ਰੁਪਏ ਖ਼ਰਚ ਆਉਣ ਦਾ ਅਨੁਮਾਨ ਹੈ। ਸੰਸਥਾ ਵੱਲੋਂ ਹਰ ਸਾਲ ਅੱਖਾਂ ਦੇ ਮੁਫ਼ਤ ਓਪਰੇਸ਼ਨ ਕੈਂਪ, ਹਰ ਮੰਗਲਵਾਰ ਤੇ ਵੀਰਵਾਰ ਔਰਤਾਂ ਦੇ ਰੋਗਾਂ ਦੇ ਇਲਾਜ ਦਾ ਕੈਂਪ, ਬੁੱਧਵਾਰ ਹੱਡੀਆਂ ਦੇ ਇਲਾਜ ਦੇ ਕੈਂਪ, ਬੁੱਧਵਾਰ ਤੇ ਸ਼ਨੀਵਾਰ ਦੰਦਾਂ ਦੇ ਇਲਾਜ ਦੇ ਕੈਂਪ ਲਈ ਸਪੈਸ਼ਲ ਡਾਕਟਰ ਆਉਂਦੇ ਹਨ, ਗੁਰਧਾਮ ਦਰਸ਼ਨ ਤੇ ਸਿੱਖਿਆ ਯਾਤਰਾਵਾਂ ਦਾ ਪ੍ਰਬੰਧ, ਪਿੰਡਾਂ ਵਿੱਚ ਰਾਸ਼ਟਰੀ ਸੇਵਾ ਯੋਜਨਾ ਅਧੀਨ ਕੈਂਪ, ਅੰਮ੍ਰਿਤ-ਪ੍ਰਚਾਰ, ਅੰਤਰਰਾਸ਼ਟਰੀ ਗੁਰਬਾਣੀ ਪ੍ਰਤਿਯੋਗਤਾ ਆਦਿ ਪ੍ਰੋਗਰਾਮ ਬੜੇ ਉਤਸ਼ਾਹ ਨਾਲ ਹੁੰਦੇ ਹਨ। ਦੋ ਵਾਰਸ਼ਿਕ ਭਾਰੀ ਯੱਗ-ਸਮਾਗਮ ਹੁੰਦੇ ਹਨ। ਇਹ ਵੱਡੇ ਧਾਰਮਿਕ ਜੋੜ-ਮੇਲੇ ਹਰ ਸਾਲ 2 ਮਾਘ ਨੂੰ ਭਾਈ ਜਗਤਾ ਜੀ ਸਾਹਿਬ ਦਾ ਅਤੇ 8 ਵੈਸਾਖ ਨੂੰ ਮਹੰਤ ਭਾਈ ਗੁਲਾਬ ਸਿੰਘ ਜੀ ਦੀ ਯਾਦ ਵਿੱਚ ਹੁੰਦੇ ਹਨ। ਹਰ ਮਹੀਨੇ ਸੰਗਰਾਂਦ ਦਿਹਾੜੇ ਤੇ ਅਤੇ ਗੁਰਪੁਰਬਾਂ ਸਮੇਂ ਵਿਸ਼ੇਸ਼ ਸਮਾਗਮ ਹੁੰਦੇ ਹਨ।

ਉਪਰੋਕਤ ਸੇਵਾ ਕਾਰਜਾਂ ਤੋਂ ਵੱਡੀ ਗਿਣਤੀ ਵਿੱਚ ਜਦੋਂ ਪ੍ਰਾਣੀ ਲਾਭ ਉਠਾਉਂਦੇ ਹਨ ਤਾਂ ਸੇਵਾ ਕੇਂਦਰ ਦੇ ਸ਼ੇਵਾਦਾਰ ਆਪਣੇ ਧੰਨ ਭਾਗ ਸਮਝਦੇ ਹਨ।

ਚਮਨ ਸਿੰਘ 'ਚਮਨ'
ਮੁੱਖ-ਸੰਪਾਦਕ

ੴ ਸਤਿਗੁਰ ਪ੍ਰਸਾਦਿ ॥

# ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ॥

## ਸੰਸਾਰ ਦੀ ਸਮੁੱਚੀ ਮਾਨਵਤਾ ਨੂੰ :

ਪੁਰਖ ਭਗਵੰਤ, ਮਰਦ ਅਗੰਮੜੇ,
ਸੰਤ-ਸਿਪਾਹੀ, ਯੁੱਗ-ਪਰਿਵਰਤਕ,
ਮਹਾਨ ਤਪੱਸਵੀ, ਮਹਾਨ ਯੋਧੇ,
ਮਹਾਨ ਕਵੀ, ਮਹਾਨ ਕ੍ਰਾਂਤੀਕਾਰੀ,
ਦੁਸ਼ਟ-ਦਮਨ, ਧਰਮ-ਰੱਖਿਅਕ,
ਸਰਬੰਸ-ਦਾਨੀ, ਲਾਸਾਨੀ ਆਗੂ,
ਅੰਮ੍ਰਿਤ ਦੇ ਦਾਤੇ, ਪੰਥ ਦੇ ਵਾਲੀ,
ਗ਼ਰੀਬ ਨਿਵਾਜ਼, ਜਗਤ ਗੁਰੂ,



# ਸਾਹਿਬੇ ਕਮਾਲ

ਕਲਗੀਧਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ
336ਵੇਂ ਅਵਤਾਰ ਗੁਰਪੁਰਬ ਦੀਆਂ

# ਲੱਖ-ਲੱਖ ਵਧਾਈਆਂ

ਸਮੂੰਹ ਸੰਸਥਾਵਾਂ ਟਿਕਾਣਾ ਭਾਈ ਜਗਤਾ ਜੀ ਸਾਹਿਬ,
ਗੋਨਿਆਣਾ ਮੰਡੀ (ਬਠਿੰਡਾ)

ਭੇਟ ਕਰਤਾ :-

## (ਮਹੰਤ) ਤੀਰਥ ਸਿੰਘ 'ਸੇਵਾ ਪੰਥੀ'

ਐਸ. ਟੀ. ਡੀ. ਕੋਡ: 0164 ਫੋਨ: 262012, 262051

ੴ ਸਤਿਗੁਰ ਪ੍ਰਸਾਦਿ ॥

ਗੁਰਬਾਣੀ ਇਸੁ ਜਗ ਮਹਿ ਚਾਨਣੁ ॥

# ਸੇਵਾ ਪੰਥੀ ਟਿਕਾਣਾ ਭਾਈ ਜਗਤਾ ਜੀ ਸਾਹਿਬ

ਗੋਨਿਆਣਾ ਮੰਡੀ, ਜਿਲ੍ਹਾ ਬਠਿੰਡਾ (ਪੰਜਾਬ) ਵਿਖੇ

ਸਾਲਾਨਾ ਰਾਸ਼ਟਰ- ਪੱਧਰੀ ਅੰਤਰ ਸਕੂਲ - ਕਾਲਜ

ਕੰਠ -ਸ਼ੁੱਧ ਗੁਰਬਾਣੀ ਉਚਾਰਣ ਪ੍ਰਤਿਯੋਗਤਾ

**ਮਿਤੀ 13 ਜਨਵਰੀ 2002 ਦਿਨ ਐਤਵਾਰ 10 ਵਜੇ ਬਾਅਦ ਦੁਪਹਿਰ**

ਸਰਬੱਤ ਸੰਸਥਾਵਾਂ ਦੇ ਮੁਖੀਆਂ ਨੂੰ ਸਨਿਮਰ ਬੇਨਤੀ ਹੈ ਕਿ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਕੇ ਪ੍ਰਤਿਯੋਗਤਾ ਵਿੱਚ ਭਾਗ ਲੈਣ ਲਈ ਭੇਜਣ ਦੀ ਕਿਰਪਾਲਤਾ ਕਰਨੀ। ਅਤਿ ਧੰਨਵਾਦੀ ਹੋਵਾਂਗੇ।

## ਪ੍ਰਤਿਯੋਗਤਾ ਵਿੱਚ ਭਾਗ ਲੈਣ ਲਈ ਨਿਯਮ :

1. ਇਹ ਮੁਕਾਬਲੇ ਭਾਰਤ ਵਿਚੋਂ ਸਭ ਪੱਧਰ ਦੇ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਲਈ ਖੁੱਲ੍ਹੇ ਹਨ।
2. ਇਹ ਮੁਕਾਬਲੇ ਦੇ ਗੁੱਟਾਂ ਵਿੱਚ (**14** ਸਾਲ ਦੀ ਉਮਰ ਤੱਕ ਜੂਨੀਅਰ ਗੁੱਟ ਅਤੇ **14** ਸਾਲਾਂ ਤੋਂ ਵੱਧ ਸੀਨੀਅਰ ਗੁੱਟ) ਵੱਖ-ਵੱਖ ਹੋਣਗੇ।
3. ਮੁਕਾਬਲੇ (ਗੁਟਕਿਆ ਤੋਂ ਰਹਿਤ) ਕੰਠਾਹਾਰ, ਸ਼ੁੱਧ ਪਾਠਾਂ ਦੇ ਹੋਣਗੇ।
4. ਪਾਠ ਸ਼੍ਰੋਮਣੀ ਕਮੇਟੀ ਦੀਆਂ ਪ੍ਰਕਾਸ਼ਨਾਵਾਂ ਦਾ ਪ੍ਰਮਾਣੀਕ ਮੰਨਿਆ ਜਾਵੇਗਾ।
5. **ਮੁੱਖ ਮੁਕਾਬਲੇ** : ਜਪੁਜੀ ਸਾਹਿਬ, ਜਾਪੁ ਸਾਹਿਬ, ਤ੍ਵ ਪ੍ਰਸਾਦਿ ਸਵੱਯੇ (ਸ੍ਰਾਵਗ ਸੁੱਧ ਸਮੂਹ), ਰਹਿਰਾਸ, ਕੀਰਤਨ ਸੋਹਿਲਾ, ਅਨੰਦੁ ਸਾਹਿਬ ਵਿਚੋਂ ਹੋਣਗੇ। ਪਹਿਲਾ, ਦੂਜਾ ਤੇ ਤੀਜੇ ਦਰਜੇ ਵਿੱਚ ਆਉਣ ਵਾਲਿਆਂ ਨੂੰ ਢੁੱਕਵੇਂ ਇਨਾਮ ਦਿੱਤੇ ਜਾਣਗੇ।
6. **ਸਾਧਾਰਣ ਮੁਕਾਬਲੇ** : ਉਪਰੋਕਤ ਬਾਣੀਆਂ ਵਿਚੋਂ ਗਰੁੱਪ ਵਾਰ ਚਾਰ, ਤਿੰਨ, ਦੋ ਜਾਂ ਕੇਵਲ ਇਕ ਬਾਣੀ ਦੇ ਮੁਕਾਬਲੇ ਵੀ ਹੋਣਗੇ। ਚੌਹਾਂ ਗੌਰੁਪਾਂ ਵਿਚੋਂ ਵੱਖ-ਵੱਖ ਪਹਿਲੇ, ਦੂਜੇ ਤੇ ਤੀਜੇ ਦਰਜੇ ਵਿੱਚ ਆਉਣ ਵਾਲਿਆ ਨੂੰ ਇਨਾਮ ਦਿੱਤੇ ਜਾਣਗੇ।
7. ਵਿਦਿਆਰਥੀ ਮੁੱਖ ਜਾਂ ਸਾਧਾਰਣ ਕੇਵਲ ਇਕ ਮੁਕਾਬਲ਼ੇ ਵਿੱਚ ਭਾਗ ਲੈ ਸਕਣਗੇ।
8. ਭਾਗ ਲੈਣ ਵਾਲਿਆਂ ਨੂੰ ਨਿਸਚਿਤ ਪ੍ਰਵੇਸ਼ ਫਾਰਮ ਭਰ ਕੇ ਮਿਤੀ **10** ਜਨਵਰੀ **2002** ਤੱਕ ਭੇਜਣਾ ਜਰੂਰੀ ਹੋਵੇਗਾ।
9. ਹਰੇਕ ਭਾਗ ਲੈਣ ਵਾਲੇ ਵਿਦਿਆਰਥੀ ਲਈ 'ਜਪੁਜੀ ਸਾਹਿਬ' ਬਾਣੀ ਸੁਣਾਉਣੀ ਜਰੂਰੀ ਹੋਵੇਗੀ। ਚਾਹੇ ਉਹ ਇਕ ਬਾਣੀ, ਦੋ ਬਾਣੀਆ, ਤਿੰਨ ਬਾਣੀਆਂ ਜਾਂ ਚਾਰ ਬਾਣੀਆ ਵਿੱਚ ਭਾਗ ਲਵੇ।
10. ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਸੰਸਥਾ ਵੱਲੋਂ ਹੋਵੇਗਾ।
11. ਜੱਜਾਂ ਦਾ ਫੈਸਲਾ ਅੰਤਿਮ ਹੋਵੇਗਾ।
12. ਮੁਕਾਬਲੇ ਦੇ ਮੁੱਖ ਪ੍ਰੀਖਿਅਕ ਸ੍ਰੀਮਾਨ ਸੰਤ ਭਾਈ ਕਾਹਨ ਸਿੰਘ ਜੀ 'ਸੇਵਾ ਪੰਥੀ' ਹੋਣਗੇ।
13. ਪ੍ਰਵੇਸ਼ ਫਾਰਮ ਭਾਈ ਜਗਤਾ ਜੀ ਹਾਈ ਸਕੂਲ ਦੇ ਦਫਤਰ ਵਿੱਚ ਭੇਜੇ ਜਾਣ। (ਫੋਨ : **262566** ਦਫਤਰ)

## ਪ੍ਰਾਰਥਕ :

ਚਮਨ ਸਿੰਘ 'ਚਮਨ' ਸਕੱਤਰ

ਸੁਰਜਨ ਸਿੰਘ ਘੁਲਿਆਣੀ (ਔ : ਮੈਨਜਰ)

(ਮਹੰਤ) ਤੀਰਥ ਸਿੰਘ 'ਸੇਵਾ ਪੰਥੀ' ਪ੍ਰਧਾਨ

**ਭਾਈ ਜਗਤਾ ਜੀ ਐਜੂਕੇਸ਼ਨਲ ਕਮੇਟੀ (ਰਜਿ:)**

ਗੋਨਿਆਣਾ ਮੰਡੀ, ਜਿਲ੍ਹਾ ਬਠਿੰਡਾ (ਪੰਜਾਬ)

ਐਸ.ਟੀ.ਡੀ ਕੋਡ : **0164-** ਫੋਨ: ਦਫਤਰ **262051**, ਨਿਵਾਸ **262012**

# ਪ੍ਰੋਗਰਾਮ ਪ੍ਰਚਾਰ-ਯਾਤਰਾ ਜਨਵਰੀ/ਫਰਵਰੀ 2002

**ਸ੍ਰੀਮਾਨ 108 ਮਹੰਤ ਭਾਈ ਤੀਰਥ ਸਿੰਘ ਜੀ 'ਸੇਵਾ ਪੰਥੀ'**

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)
ਕੋਡ : 0164 ਫੋਨ : 262012, 262051, 262000 ਫੈਕਸ : 262657
ਮੋਬਾ : 98140-32957, (ਸੰਤ ਗੁਰਚਰਨ ਸਿੰਘ) 98140-02004 ਫੋਨ 263888

| ਮਿਤੀ | ਨਗਰ | ਪਤਾ ਤੇ ਪ੍ਰੋਗਰਾਮ |
|---|---|---|
| 13-1-2002 ਤੋਂ 15-1-2002 ਤੱਕ | ਗੋਨਿਆਣਾ | ਭਾਈ ਜਗਤਾ ਜੀ ਸਾਹਿਬ ਦਾ ਸਾਲਾਨਾ ਯੱਗ-ਸਮਾਗਮ ਅਤੇ ਸ੍ਰੀਮਾਨ ਮਹੰਤ ਭਾਈ ਆਸਾ ਸਿੰਘ ਜੀ ਦੀ ਸਾਲਾਨਾ ਯਾਦ । |
| 14-1-2002 | ਗੋਨਿਆਣਾ | ਭਾਈ ਜਗਤਾ ਜੀ ਵਿਖੇ ਸੰਗਰਾਂਦ ਦਾ ਮਾਸਿਕ ਸਮਾਗਮ |
| 20-1-2002 ਤੋਂ 10-2-2002 ਤੱਕ | ਮੁੰਬਈ | (1) Sh. Asa Nand Mohan Lal Makkar<br>1, Rajnigandha, Talmiki Road, Saraswat Colony, Santacruz (w), Mumbai-54.<br>Ph. 6600075, 6606444<br>(2) S. Pritpal Singh Smt. Balwant Kaur<br>Mobile : 09821414511<br>Ph. 6600703, 6603656<br>(3) S. Pardaman Singh, Ph. 6052273<br>(4) S. Tarlochan Singh Sethi,<br>Ph. 5541853, 5543157, 55546146 |

ੴ ਸਤਿਗੁਰ ਪ੍ਰਸਾਦਿ ॥
ਕਲਿਜੁਗ ਮਹਿ ਕੀਰਤਨ ਪਰਧਾਨਾ, ਗੁਰਮੁਖ ਜਪੀਐ ਲਾਇ ਧਿਆਨਾ ॥

## ਸੇਵਾ ਪੰਥੀ ਟਿਕਾਣਾ ਭਾਈ ਆਇਆ ਰਾਮ ਜੀ

**27/41**, ਪੰਜਾਬੀ ਬਾਗ, ਨਵੀਂ ਦਿੱਲੀ ਵਿਖੇ
ਬ੍ਰਹਮ ਗਿਆਨੀ ਸੰਤ ਭਾਈ ਆਇਆ ਰਾਮ ਜੀ ਮਿਘਿਆਣੇ ਵਾਲੇ ਅਤੇ
ਸ੍ਰੀ ਮਾਨ **108** ਮਹੰਤ ਗੁਰਮੁਖ ਸਿੰਘ ਜੀ ਦੀ ਯਾਦ ਵਿੱਚ
**6-7-8** ਫਰਵਰੀ **2002** ਨੂੰ ਸਾਲਾਨਾ ਯੱਗ ਸਮਾਗਮ ਮਨਾਇਆ ਜਾਵੇਗਾ।
ਵਿਸ਼ੇਸ਼ ਦੀਵਾਨ **7** ਫਰਵਰੀ ਰਾਤ ਅਤੇ **8** ਫਰਵਰੀ ਸਵੇਰੇ **4.00** ਵਜੇ ਤੋਂ ਸ਼ਾਮ **5.00** ਵਜੇ ਤੱਕ ਹੋਵੇਗਾ। ਜਿਸ ਵਿਚ ਪੰਥ-ਪ੍ਰਸਿੱਧ ਕੀਰਤਨੀ ਜਥੇ ਤੇ ਕਥਾ ਵਾਚਕ ਅੰਮ੍ਰਿਤਮਈ ਬਾਣੀ ਦੁਆਰਾ ਸੰਗਤਾ ਨੂੰ ਨਿਹਾਲ ਕਰਨਗੇ। ਸਮਾਗਮ ਵਿੱਚ ਪੁੱਜ ਕੇ ਸਮਾਗਮ ਦੀ ਸ਼ੋਭਾ ਵਧਾਉ।

ਪ੍ਰਾਰਥਕ : ਸਾਧ ਸੰਗਤ ਦੇ ਦਾਸ
(ਮਹੰਤ) ਹਰਬੰਸ ਸਿੰਘ 'ਸੇਵਾ ਪੰਥੀ' (ਸੰਤ) ਅੰਮ੍ਰਿਤਪਾਲ ਸਿੰਘ 'ਸੇਵਾ ਪੰਥੀ'
ਫੋਨ 5192590, 5936539 ਫੈਕਸ 5930679

# ਸੁਖਮਨੀ ਸਾਹਿਬ

- ਤੀਰਥ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਸਲੋਕੁ ॥

ਅਗਮ ਅਗਾਧਿ ਪਾਰਬ੍ਰਹਮੁ ਸੋਇ ॥
ਜੋ ਜੋ ਕਹੈ ਸੁ ਮੁਕਤਾ ਹੋਇ ॥
ਸੁਨਿ ਮੀਤਾ ਨਾਨਕੁ ਬਿਨਵੰਤਾ ॥
ਸਾਧ ਜਨਾ ਕੀ ਅਚਰਜ ਕਥਾ ॥੧॥

ਅਸਟਪਦੀ ॥

ਸਾਧ ਕੈ ਸੰਗਿ ਮੁਖ ਊਜਲ ਹੋਤ ॥
ਸਾਧਸੰਗਿ ਮਲੁ ਸਗਲੀ ਖੋਤ ॥
ਸਾਧ ਕੈ ਸੰਗਿ ਮਿਟੈ ਅਭਿਮਾਨੁ ॥
ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ ॥
ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ ॥
ਸਾਧਸੰਗਿ ਸਭੁ ਹੋਤ ਨਿਬੇਰਾ ॥
ਸਾਧ ਕੈ ਸੰਗਿ ਪਾਏ ਨਾਮ ਰਤਨੁ ॥
ਸਾਧ ਕੈ ਸੰਗਿ ਏਕ ਊਪਰਿ ਜਤਨੁ ॥
ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ ॥
ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ ॥

**ਸਲੋਕ ॥ ਅਗਮ ਅਗਾਧਿ ਪਾਰਬ੍ਰਹਮੁ ਸੋਇ ॥ ਜੋ ਜੋ ਕਹੈ ਸੁ ਮੁਕਤਾ ਹੋਇ ॥**

ਅਰਥ - (ਉਹ ਪਰਮਾਤਮਾ) ਮਨ ਬਾਣੀ ਤੋਂ ਪਰੇ ਹੈ, ਉਸਦਾ ਅੰਤ ਨਹੀਂ ਪਾਇਆ ਜਾ ਸਕਦਾ। ਉਹ ਜਗਤ ਤੋਂ ਪਰੇ ਨਿਰਗੁਣ ਸਰੂਪ ਹੈ। ਪਰ ਉਸਦੇ ਨਾਮ ਵਿਚ ਐਸੀ ਬਰਕਤ ਹੈ ਕਿ ਜੋ-ਜੋ ਪੁਰਸ਼ ਉਸਦੇ ਨਾਮ ਨੂੰ ਜਪਦਾ ਹੈ ਸੋ-ਸੋ ਮੁਕਤ ਹੋ ਜਾਂਦਾ ਹੈ।

**ਸੁਨਿ ਮੀਤਾ ਨਾਨਕੁ ਬਿਨਵੰਤਾ ॥ ਸਾਧ ਜਨਾ ਕੀ ਅਚਰਜ ਕਥਾ ॥੧॥**

ਅਰਥ :- ਗੁਰੂ ਜੀ ਬਿਨਵੰਤਾ - ਕਥਨ ਕਰਦੇ ਹਨ ਕਿ ਸਾਧ ਪੁਰਖਾਂ ਦੀ ਕਥਾ ਅਸਚਰਜ ਹੈ, ਗੁਰੂ ਜੀ ਕਹਿੰਦੇ ਹਨ ਕਿ ਹੇ ਮਿਤ੍ਰ ਤੂੰ ਧਿਆਨ ਨਾਲ ਇਸਨੂੰ ਸੁਣਨਾ ਕਰ।

**ਅਸਟਪਦੀ ॥ ਸਾਧ ਕੈ ਸੰਗਿ ਮੁਖ ਊਜਲ ਹੋਤ ॥ ਸਾਧਸੰਗਿ ਮਲੁ ਸਗਲੀ ਖੋਤ ॥**

ਅਰਥ :- ਗੁਰੂ ਜੀ, ਵਾਹਿਗੁਰੂ ਤੇ ਉਸ ਦੇ ਨਾਮ ਦਾ ਜਸ ਤੇ ਉਸਦੇ ਜਪਣ ਦਾ ਉਪਦੇਸ਼ ਕਰਦੇ ਆਏ ਹਨ। ਹੁਣ ਸਾਧੂ ਦੀ ਮਹਿਮਾ ਦੱਸਦੇ ਹਨ, ਜਿਸਦੇ ਸਤਿਸੰਗ ਨਾਲ ਨਾਮ ਜਪੀਦਾ ਹੈ ਤੇ ਦਰਗਾਹ ਵਿੱਚ ਮੂੰਹ ਉਜਲ ਹੁੰਦਾ ਹੈ। ਸਾਧ ਦੇ ਸੰਗ ਕਰਕੇ ਮੁੱਖ ਉਜਲ ਹੁੰਦਾ ਹੈ ਕਿਉਂਕਿ ਸਾਧ ਕੇ ਸੰਗ ਨਾਲ ਅੰਦਰ ਦੀ ਸਾਰੀ ਮੈਲ ਦੂਰ ਹੋ ਜਾਂਦੀ ਹੈ।

**ਸਾਧ ਕੈ ਸੰਗਿ ਮਿਟੈ ਅਭਿਮਾਨੁ ॥ ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ ॥**

ਅਰਥ :- ਸਾਧ ਦੇ ਸੰਗ ਕਰਕੇ ਦੇਹ ਦਾ ਅਭਿਮਾਨ (ਹੰਕਾਰ) ਮਿਟ ਜਾਂਦਾ ਹੈ। ਸਾਧ ਦੇ ਸੰਗ ਕਰਕੇ ਸੁ-ਸਰੇਸ਼ਟ ਬ੍ਰਹਮ ਗਿਆਨ ਪ੍ਰਗਟ ਹੁੰਦਾ ਹੈ।

**ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ ॥ ਸਾਧਸੰਗਿ ਸਭੁ ਹੋਤ ਨਿਬੇਰਾ ॥**

ਅਰਥ :- ਸਾਧ ਦੇ ਸੰਗ ਕਰਕੇ ਪਰਮਾਤਮਾ ਨੂੰ ਆਪਣੇ ਨੇੜੇ ਹਾਜਰਾ-ਹਜੂਰ ਸਮਝ ਲੈਂਦਾ ਹੈ। ਸਾਧ ਦੇ ਸੰਗ ਕਰਕੇ ਹੀ ਜਨਮਾਂ-ਜਨਮਾਂਤਰਾਂ ਦੇ ਸਾਰੇ ਕਰਮਾਂ ਦਾ ਨਿਬੇਰਾ- ਫੈਸਲਾ ਹੋ ਜਾਂਦਾ ਹੈ।

**ਸਾਧ ਕੈ ਸੰਗਿ ਪਾਏ ਨਾਮ ਰਤਨੁ ॥ ਸਾਧ ਕੈ ਸੰਗਿ ਏਕ ਊਪਰਿ ਜਤਨੁ ॥**

ਅਰਥ :- ਸਾਧ ਦੇ ਸੰਗ ਕਰਕੇ ਹੀ ਇਹ ਜੀਵ ਨਾਮ ਰੂਪ ਰਤਨ ਪਾਉਂਦਾ ਹੈ। ਸਾਧ ਦੇ ਸੰਗ ਕਰਕੇ ਇਕ ਮਨ ਦੇ ਕਾਬੂ ਕਰਨ ਉਪਰ ਸਾਰਾ ਯਤਨ ਲਗਾਉਂਦਾ ਹੈ ਭਾਵ ਉਸ ਪ੍ਰਭੂ ਦੀ ਪ੍ਰਾਪਤੀ ਲਈ ਜਤਨ ਕਰਦਾ ਹੈ।

**ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ ॥ ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ ॥**

ਅਰਥ :- ਅਜਿਹਾ ਕਿਹੜਾ ਪੁਰਸ਼ ਹੈ ਜੋ ਸਾਧ ਦੀ ਮਹਿਮਾ ਆਖ ਸਕਦਾ ਹੈ? ਗੁਰੂ ਜੀ ਕਹਿੰਦੇ ਹਨ ਕਿ ਸਾਧ ਦੀ ਸੋਭਾ ਪ੍ਰਭੂ ਦੇ ਵਿਚ ਹੀ ਸਮਾਈ ਹੋਈ ਹੈ, ਭਾਵ ਸਾਧੂਆਂ ਦੀ ਉਪਮਾ ਪ੍ਰਭੂ ਦੇ ਬਰਾਬਰ, ਅਰਥਾਤ ਸਾਧ ਦੀ ਜਿਹੜੀ ਮਹਿਮਾ ਆਖਣੀ ਹੈ, ਇਹ ਪ੍ਰਮਾਤਮਾ ਦੀ ਹੀ ਮਹਿਮਾ ਹੈ।

ਵਿਸ਼ੇਸ਼ ਵਿਚਾਰ

# ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ ॥

ਇਕ ਵਾਰੀ ਬਾਬਾ ਜਗਤਾ ਜੀ ਬਾਹਰ ਖੇਤਾਂ ਵੱਲ ਜਾ ਰਹੇ ਸਨ। ਰਸਤੇ ਵਿਚ ਇਕ ਮਸੀਤ ਸੀ। ਮਸੀਤ ਵਿੱਚ ਖੜ੍ਹਾ ਇਕ ਮੌਲਵੀ ਨਾਲ ਦੇ ਘਰ ਗੁਆਂਢੀ ਮੁਸਲਮਾਨ ਨੂੰ ਗਾਲ੍ਹਾਂ ਕੱਢ ਰਿਹਾ ਸੀ, ਬੜੇ ਗੁੱਸੇ ਵਿੱਚ ਸੀ। ਬਾਬਾ ਜਗਤਾ ਜੀ ਖੜ੍ਹੇ ਹੋ ਗਏ ਮੌਲਵੀ ਵੱਲ ਵੇਖਣ ਲੱਗ ਪਏ, ਮੌਲਵੀ ਨੇ ਵੀ ਵੇਖ ਲਿਆ। ਉਧਰੋਂ ਧਿਆਨ ਹਟਾ ਕੇ ਬਾਬਾ ਜਗਤਾ ਜੀ ਵੱਲ ਹੋ ਗਿਆ। ਮੌਲਵੀ ਕਹਿਣ ਲੱਗਾ ਆਉ ਪੀਰ ਜੀ ਕਿਵੇਂ, ਕਿੱਧਰ ਜਾ ਰਹੇ ਹੋ ? ਕਿਵੇਂ ਖੜ੍ਹੇ ਹੋ ਗਏ ਹੋ ? ਬਾਬਾ ਜਗਤਾ ਜੀ ਕਹਿਣ ਲੱਗੇ ਮੌਲਵੀ ਸਾਹਿਬ ! ਖੇਤਾਂ ਨੂੰ ਜਾ ਰਿਹਾ ਸੀ, ਤੁਹਾਡੇ ਦੀਦਾਰ ਲਈ ਖੜ੍ਹਾ ਹੋ ਗਿਆ ਹਾਂ।

ਮੌਲਵੀ ਕੁਝ ਠੰਡਾ ਹੋ ਗਿਆ, ਕੁਝ ਸ਼ਰਮ ਮਹਿਸੂਸ ਕੀਤੀ ਤੇ ਬੜੀ ਨਿਮ੍ਰਤਾ ਨਾਲ ਕਹਿਣ ਲੱਗਾ। ਆਉ ਪੀਰ ਜੀ ਅੰਦਰ ਆਉ, ਕੋਈ ਖ਼ਿਦਮਤ (ਸੇਵਾ) ਦੱਸੋ। ਬਾਬਾ ਜੀ ਕਹਿਣ ਲੱਗੇ, ਖ਼ਿਦਮਤ ਤਾਂ ਕੋਈ ਨਹੀਂ, ਇੱਕ ਗੱਲ ਪੁੱਛਣੀ ਹੈ ਜੇ ਨਾਰਾਜ਼ ਨਾ ਹੋਵੋ ਤਾਂ ਮੌਲਵੀ ਕਹਿਣ ਲੱਗਾ ਨਹੀਂ -ਨਹੀਂ ਨਾਰਾਜ਼ ਕੀ ਹੋਣਾ ਹੈ, ਹੁਕਮ ਕਰੋ। ਬਾਬਾ ਜਗਤਾ ਜੀ ਕਹਿਣ ਲੱਗੇ, 'ਇਹ ਦੱਸੋ ਮੌਲਵੀ ਸਾਹਿਬ ਜਿਸ ਬਰਤਨ ਵਿਚ ਪਿਸ਼ਾਬ ਕਰ ਦਿੱਤੀ ਜਾਵੇ ਉਹ ਬਰਤਨ ਦੁੱਧ ਪਾਉਣ ਦੇ ਯੋਗ ਰਹਿੰਦਾ ਹੈ '?

ਮੌਲਵੀ ਕਹਿਣ ਲੱਗਾ ਨਹੀਂ, ਜਿਸ ਬਰਤਨ ਵਿੱਚ ਪਿਸ਼ਾਬ ਕਰ ਦਿੱਤੀ ਜਾਵੇ, ਉਹ ਦੁੱਧ ਪਾਉਣ ਦੇ ਯੋਗ ਨਹੀਂ ਰਹਿੰਦਾ। ਬਾਬਾ ਜਗਤਾ ਜੀ ਹੌਲੇ ਜਿਹੇ ਕਹਿਣ ਲੱਗੇ, ਮੌਲਵੀ ਸਾਹਿਬ ਜਿਸ ਮੂੰਹ ਨਾਲ ਗਾਲ੍ਹਾਂ ਕੱਢੀਆ ਜਾਣ ਉਹ ਮੂੰਹ ਨਿਮਾਜ਼ ਪੜ੍ਹਨ ਦੇ ਯੋਗ ਰਹਿੰਦਾ ਹੈ। ਮੌਲਵੀ ਪਾਣੀ-ਪਾਣੀ ਹੋ ਗਿਆ। ਬੜਾ ਪਸਚਾਤਾਪ ਕਰਨ ਲੱਗਾ। ਕੋਲ ਆਕੇ ਬਾਬਾ ਜਗਤਾ ਜੀ ਦੇ ਗੋਡੇ ਹੱਥ ਲਾ ਕੇ ਕਹਿਣ ਲੱਗਾ ਤੂੰ ਖ਼ੁਦਾ ਦਾ ਪਿਆਰਾ ਹੈਂ ਅੱਜ ਤੂੰ ਮੇਰਾ ਮਨ ਬਦਲ ਦਿੱਤਾ ਹੈ, ਅੱਜ ਮੈਂ ਤੈਨੂੰ ਖ਼ੁਦਾ ਦਾ ਪਿਆਰਾ ਸਮਝ ਕੇ ਤੇਰੇ ਸਾਹਮਣੇ ਪ੍ਰਣ ਕਰਦਾ ਹਾਂ ਕਿ ਅੱਜ ਤੋਂ ਬਾਅਦ ਮੈਂ ਕਦੇ ਕਿਸੇ ਨੂੰ ਗਾਲ੍ਹ ਨਹੀਂ ਕੱਢਾਂਗਾ ਮੇਰੀ ਤੌਬਾ ਖ਼ੁਦਾ ਹਾਫਿਜ਼। ਉਸ ਨੂੰ ਥੋੜ੍ਹੇ ਸਮੇਂ ਵਿਚ ਹੀ ਗਿਆਨ ਹੋ ਗਿਆ ਅੰਤਸ਼ਕਰਣ ਸ਼ੁੱਧ ਹੋ ਗਿਆ।

(ਚਲਦਾ)

# ਸੋ ਦਰੁ ਰਹਿਰਾਸ ਸਾਹਿਬ

- ਸੰਤ ਕਾਹਨ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ।

ੴ
ਕਬਿ ਬਾਚ ॥ ਦੋਹਰਾ ॥

**ਕਾਲ ਪੁਰਖ ਕੀ ਦੇਹਿ ਮੋ ਕੋਟਿਕ ਬਿਸਨ ਮਹੇਸ ॥**
**ਕੋਟ ਇੰਦ੍ਰ ਬ੍ਰਹਮਾ ਕਿਤੇ ਰਵਿ ਸਸਿ ਕ੍ਰੋਰ ਜਲੇਸ ॥੬॥**
**ਤਿਨ ਬੇਦੀਯਨ ਕੀ ਕੁਲ ਬਿਖੇ ਪ੍ਰਗਟੇ ਨਾਨਕ ਰਾਇ ॥**
**ਸਭ ਸਿੱਖਨ ਕੋ ਸੁਖ ਦਏ ਜੱਹ ਤੱਹ ਭਏ ਸਹਾਇ ॥੭॥**
**ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ ॥**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥੮॥੧੫॥**
**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ॥੯॥੧੬॥**

***ਕਾਲ ਪੁਰਖ ਕੀ ਦੇਹਿ ਮੋ ਕੋਟਿਕ ਬਿਸਨ ਮਹੇਸ ॥ ਕੋਟ ਇੰਦ੍ਰ ਬ੍ਰਹਮਾ ਕਿਤੇ ਰਵਿ ਸਸਿ ਕ੍ਰੋਰ ਜਲੇਸ ॥***

ਅਰਥ - ਜੋ ਅਕਾਲ ਪੁਰਖ ਸਭ ਦਾ ਕਾਲ ਕਰਨ ਵਾਲਾ ਹੈ, ਉਸ ਦੀ ਦੇਹ ਵਿਚ ਕਰੋੜਾਂ ਹੀ ਬਿਸ਼ਨੂੰ ਤੇ ਮਹੇਸ਼ (ਸ਼ਿਵ ਜੀ) ਆਦਿ ਹਨ ਅਤੇ ਕਰੋੜਾਂ ਇੰਦਰ ਦੇਵਤੇ ਅਤੇ ਕਿਤਨੇ ਹੀ ਬ੍ਰਹਮਾ ਹਨ ਤੇ ਕਰੋੜਾਂ ਹੀ ਸੂਰਜ ਅਤੇ ਚੰਦਰਮਾਂ ਹਨ ਅਤੇ ਕਰੋੜਾਂ ਹੀ ਜਲੇਸ (ਸਮੁੰਦਰ) ਹਨ।

***ਤਿਨ ਬੇਦੀਯਨ ਕੀ ਕੁਲ ਬਿਖੇ ਪ੍ਰਗਟੇ ਨਾਨਕ ਰਾਇ ॥ ਸਭ ਸਿੱਖਨ ਕੋ ਸੁਖ ਦਏ ਜੱਹ ਤੱਹ ਭਏ ਸਹਾਇ ॥***

ਅਰਥ : ਉਨ੍ਹਾਂ ਬੇਦੀਆਂ ਦੀ ਕੁਲ ਦੇ ਵਿਚ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ ਹਨ। ਜੋ ਸ੍ਰੀ ਰਾਮ ਚੰਦਰ ਦੇ ਸਪੁੱਤਰ ਕੁਸ਼ ਦੇ ਖਾਨਦਾਨ ਦੇ ਵਿਚੋਂ ਜਿਨਾਂ ਨੇ ਬੇਦਾਂ ਦਾ ਪਾਠ ਕੀਤਾ। ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਕਥਨ ਹੈ ਜਿਨੈ ਬੇਦ ਪਠਿਯੋ ਸੁ ਬੇਦੀ ਕਹਾਏ। ਉਨਾਂ ਬੇਦੀਆਂ ਦੀ ਕੁਲ ਵਿੱਚੋਂ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ। ਉਸ ਗੁਰੂ ਨਾਨਕ ਦੇਵ ਜੀ ਨੇ ਜਗਤ ਵਿੱਚ ਸਾਰੇ ਸਿੱਖਾਂ ਨੂੰ ਸੁੱਖ ਦਿੱਤਾ। ਹਰ ਥਾਂ ਤੇ ਸਿੱਖਾਂ ਦੇ ਸਹਾਈ ਹੋਏ ਹਨ।

ਤਿਨ ਬੇਦੀਅਨ ਕੀ ਕੁਲ ਬਿਖੇ ਦੇ ਵਿਚਾਰ ਅਨੁਸਾਰ ਇਹ ਪ੍ਰਸੰਗ ਦਸਮ ਗ੍ਰੰਥ ਵਿਚ ਇਸ ਤਰ੍ਹਾਂ ਹੈ - ਜਿਸ ਵੇਲੇ ਸ੍ਰਿਸਟੀ ਦੀ ਉਤਪਤੀ ਤੋਂ ਪਹਿਲਾਂ ਓਅੰਕਾਰ ਸ਼ਬਦ ਉਚਾਰਿਆ ਤਾਂ ਤਿੰਨੇ ਵਿਸ਼ਨੂੰ, ਬ੍ਰਹਮਾ, ਸ਼ਿਵ ਪੈਦਾ ਹੋਏ।

ਫੇਰ - ਏਕ ਸ੍ਰਵਣ ਤੇ ਮੈਲ ਨਿਕਾਰਾ ॥ ਤਾ ਤੇ ਮਧੁ ਕੀਟਭ ਤਨ ਧਾਰਾ ॥
ਦੁਤੀਆ ਕਾਨ ਤੇ ਮੈਲੁ ਨਿਕਾਰੀ ॥ ਤਾ ਤੇ ਭਈ ਸ੍ਰਿਸਟੀ ਇਹ ਸਾਰੀ ॥

ਪੁਨਾ - ਭਗਵਾਨ ਨੇ ਮਧੁ ਕੀਟਭ ਦੇ ਨਾਲ ਬੜਾ ਭਾਰੀ ਜੰਗ ਕੀਤਾ। ਤਿਸ ਦੀ ਮਿਝ ਨਿਕਲ ਕੇ ਸਮੁੰਦਰ

ਤੇ ਤਰਨ ਲੱਗ ਪਈ। ਜਿਸ ਤੋਂ ਇਸ ਪ੍ਰਿਥਵੀ ਦਾ ਨਾਮ ਮੇਧਾ ਹੋਇਆ, ਤਿਸ ਤੋਂ ਬਹੁਤ ਸਾਰੇ ਰਾਜੇ ਹੁੰਦੇ ਆਏ। ਜਿਨ੍ਹਾਂ ਵਿੱਚੋਂ 'ਦਛ ਪਰਜਾਪਤਿ' ਰਾਜਾ ਹੋਇਆ। ਤਿਸ ਦੇ ਘਰ ਦਸ ਹਜ਼ਾਰ ਲੜਕੀਆ ਪੈਦਾ ਹੋਈਆਂ। ਯਥਾ - ਦਸ ਸਹੰਸਰ ਤਿਹਿ ਗ੍ਰਿਹ ਭਈ ਕੰਨਿਆ ॥ ਜਿਹ ਸਮਾਨ ਕਹ ਲਗੈ ਨ ਅੰਨਿਆ ॥

ਸਮੇ ਦੇ ਅਨੁਸਾਰ ਰਾਜਾ ਨੇ ਉਹ ਸਭ ਕੰਨਿਆ ਵਿਆਹ ਦਿੱਤੀਆਂ ਤੇ ਚਾਰ ਕੰਨਿਆ 'ਕਛਪ ਰਿਖੀ' ਨੂੰ ਵਿਆਹ ਦਿੱਤੀਆਂ। ੧ ਬਨਤਾ, ੨ ਕਦਰੂ, ੩ ਅਦਿਤੀ, ੪ ਦਿਤੀ।

ਬਨਤਾ 'ਚੋਂ 'ਗਰੁੜ' ਹੋਇਆ। ਕਦਰੂ ਚੋਂ 'ਸੱਪ' ਹੋਇਆ। ਅਦਿਤੀ ਵਿਚੋਂ 'ਦੇਵਤੇ' ਤੇ ਦਿਤੀ ਚੋਂ 'ਦੈਂਤ' ਹੋਏ। ਦੇਵਤਿਆਂ ਵਿਚੋਂ ਜਦ ਸੂਰਜ ਦੇਵਤਾ ਉਤੱਪਨ ਹੋਇਆ ਤਾਂ ਉਸ ਦੇ ਪ੍ਰਤਾਪ ਨਾਲ ਸੂਰਜ ਬੰਸ ਜਗਤ ਵਿਚ ਪ੍ਰਚੱਲਿਤ ਹੋ ਗਈ।

ਪੁਨਾ - ਉਸੇ ਸੂਰਜ ਬੰਸ ਵਿਚੋਂ 'ਅਜ' ਰਾਜਾ ਹੋਇਆ। ਅਜ ਰਾਜੇ ਦਾ ਪੁੱਤਰ 'ਰਾਜਾ ਦਸਰਥ' ਹੋਇਆ। ਉਸ ਨੇ ਤਿੰਨ ਲੜਕੀਆਂ ਨਾਲ ਵਿਆਹ ਕੀਤਾ - (੧) ਕੁਸਲਿਆ (੨) ਸੁਮਿੱਤਰਾਂ (੩) ਕਕੇਈ। ਕੁਸ਼ਲਿਆਂ ਵਿਚੋਂ ਸ੍ਰੀ ਰਾਮਚੰਦਰ ਜੀ ਹੋਏ, ਸੁਮਿੱਤਰਾਂ ਵਿਚੋਂ ਲਛਮਣ ਤੇ ਸਤ੍ਰੂਘਨ, ਕਕੇਈ ਵਿਚੋਂ ਭਰਤ ਹੋਇਆ। ਸਮੇਂ ਅਨੁਸਾਰ ਇਹਨਾਂ ਨੇ ਕਾਫ਼ੀ ਰਾਜ ਭਾਗ ਕਮਾਇਆ, ਸਮਾਂ ਪਾ ਕੇ ਸਾਰੇ ਸੁਰਗਪੁਰੀ ਚਲੇ ਗਏ। ਬਾਅਦ ਵਿੱਚ ਸੀਤਾ ਦੇ ਪੁੱਤਰ ਲਵ ਅਤੇ ਕੁਸ ਬੜੇ ਧਨੁਖਧਾਰੀ ਯੋਧੇ ਹੋਏ। ਰਾਜ ਸਿੰਘਾਸਨ ਦਾ ਕੰਮ ਇਹਨਾਂ ਦੇ ਸਿਰ ਤੇ ਆ ਗਿਆ। ਲਵ ਨੇ ਲਾਹੌਰ ਬਣਾਇਆ, ਕੁਸੂ ਨੇ ਕਸੂਰ ਬਣਾਇਆ। ਦੋਹਾਂ ਨੇ ਦੋਨੋਂ ਪੁਰੀਆਂ ਐਸੀਆਂ ਬਣਾਈਆਂ, ਜਿਨ੍ਹਾਂ ਨੂੰ ਦੇਖ ਕੇ ਸੁਰਗਪੁਰੀ ਵੀ ਸ਼ਰਮਸਾਰ ਹੋ ਗਈ।

ਯਥਾ - **ਤਹੀ ਤਿਨੈ ਬਾਧੇ ਦੁਇ ਪੁਰਵਾ ॥ ਏਕ ਕਸੂਰ ਦੁਤੀਆਂ ਲਾਹੁਰਵਾ ॥**
**ਅਧਿਕਪੁਰੀ ਤੇ ਦੋਊ ਬਿਰਾਜੀ ॥ ਨਿਰਖ ਲੰਕ ਅਮਰਾਵਤ ਲਾਜੀ ॥**

ਸਮੇਂ ਅਨੁਸਾਰ ਉਹ ਵੀ ਕਾਲਾਂਤਰ ਹੋ ਗਏ ਪੁਨਾ-ਤਿਨ੍ਹਾਂ ਦੇ ਪੁੱਤਰ ਤੇ ਪੜਪੋਤਰੇ ਰਾਜ ਭਾਗ ਕਰਦੇ ਭਏ। ਕੁਸੁ ਦੀ ਕੁਲ ਵਿਚੋਂ 'ਕਾਲ ਕੇਤ' ਹੋਇਆ ਅਤੇ ਲਵ ਦੀ ਕੁਲ ਵਿਚੋਂ 'ਕਾਲ ਰਾਇ' ਪੈਦਾ ਹੋਇਆ। ਸਮੇਂ ਅਨੁਸਾਰ -

**ਕਾਲਕੇਤ ਭਇਓ ਬਲੀ ਅਪਾਰਾ ॥ ਕਾਲ ਰਾਇ ਜਿਨ ਨਗਰ ਨਿਕਾਰਾ ॥**

ਉਹ ਫਿਰ - **ਭਾਜ ਸਨੌਢ ਦੇਸ ਤੇ ਗਏ ॥ ਤਹੀ ਭੂਪ ਜਾ ਬਿਆਪਤ ਭਏ ॥**
**ਤਿਹਤੇ ਪੁਤ੍ਰ ਭਯੋ ਜੋ ਧਾਮਾ ॥ ਸੋਢੀ ਰਾਇ ਧਰਾ ਤਿਨ ਨਾਮਾ ॥**
**ਬੰਸ ਸਨੋਢ ਤਦਿਨ ਤੇ ਥੀਆ ॥ ਪਰਮ-ਪਵਿਤ੍ਰ ਪੁਰਖ ਜੂ ਕੀਆ ॥**

ਜਦ ਸਮੇਂ ਅਨੁਸਾਰ ਇਹਨਾਂ ਸੋਢੀਆਂ ਦੀ ਕੁਲ ਬਹੁਤ ਸਾਰੀ ਵਧ ਗਈ ਤੇ ਨਾਲ ਹੀ ਧਨ ਦੌਲਤ ਵੀ ਕਾਫੀ ਵੱਧ ਗਿਆ ਫਿਰ ਇਹਨਾਂ ਨੇ ਰਾਜ ਭਾਗ ਕਰਦਿਆਂ ਹੋਇਆਂ ਰਾਜਸੂ ਵਗੈਰਾ ਕਈ ਯੱਗ ਕੀਤੇ। ਪਰੰਤੂ ਕਾਲ ਦੇ ਚੱਕਰ ਅਨੁਸਾਰ - **ਬਹੁਰ ਬੰਸ ਮੈ ਬਢੋ ਬਿਖਾਧਾ ॥ ਮੇਟ ਨ ਸਕਾ ਕੋਊ ਤਿਹ ਸਾਧਾ ॥**

ਇਹਨਾ ਦਾ ਆਪਸ ਵਿਚ ਇਤਨਾ ਵੈਰ ਭਾਵ ਵੱਧ ਗਿਆ ਜਿਸ ਨੂੰ ਕੋਈ ਹਟਾ ਨਾ ਸਕਿਆ। ਕਾਫੀ ਸਮਾਂ ਆਪਸ ਵਿਚ ਜੰਗ ਹੋਇਆ, ਆਖਿਰਕਾਰ ਲਵ ਦੀ ਕੁਲ ਵਾਲੇ ਸੋਢੀ ਸਾਰੇ ਜਿੱਤ ਗਏ। ਬਹੁਤ ਸਾਰੇ ਤਾਂ ਮਰ ਗਏ ਬਾਕੀ ਜਿਹੜੇ ਬਚੇ ਸਨ ਉਹ ਪ੍ਰਾਣਾਂ ਨੂੰ ਲੈ ਕੇ ਕਾਸ਼ੀ ਜਾ ਵਸੇ, ਉਥੇ ਬਹੁਤ ਕਾਲ ਰਹਿਕੇ ਬੇਦ ਪੜ੍ਹਨਾ ਕੀਤੇ।

ਯਥਾ : **ਇਹ ਬਿਧ ਮਚਾ ਘੋਰ ਸੰਗ੍ਰਾਮਾ ॥ ਸਿਧਏ ਸੂਰ ਸੂਰ ਕੇ ਧਾਮਾ ॥**
**ਕਹਾ ਲਗੈ ਵਹ ਕਥੋ ਲਗਈ ॥ ਆਪਨ ਪ੍ਰਭਾ ਨ ਬਰਨੀ ਜਾਈ ॥**
**ਲਵੀ ਸਰਬ ਜੀਤੇ ਕੁਸ਼ੀ ਸਰਬਹਾਰੇ ॥ ਬਚੈ ਜੇ ਬਲੀ ਪ੍ਰਾਨ ਲੈ ਕੇ ਸਿਧਾਰੇ ॥**
**ਚਤੁਰ ਬੇਦ ਪਠਿਯੰ ਕੀਯੋ ਕਾਸਿ ਬਾਸੰ ॥ ਘਨੇ ਬਰਖ ਕੀਨੇ ਤਹਾ ਹੀ ਨਿਵਾਸੰ ॥**

ਭੁਜੰਗ ਪ੍ਰਯਾਤ ਛੰਦ ॥ **ਜਿਨੈ ਬੇਦ ਪਠਿਯੰ ਸੁ ਬੇਦੀ ਕਹਾਏ ॥ ਤਿਨੈ ਧਰਮ ਕੇ ਕਰਮ ਨੀਕੇ ਚਲਾਏ ॥**

ਸੋਢੀਆਂ ਨੇ ਵੈਰ ਭਾਵ ਵਿਸਾਰ ਕੇ ਬੇਦੀਆਂ ਵੱਲ ਚਿੱਠੀ ਪਾਈ ਕਿ ਤੁਸੀਂ ਹੁਣ ਆ ਜਾਉ ਅਸੀਂ ਭਾਈ ਭਾਈ ਰਲ ਕੇ ਰਹੀਏ ।

ਇਸ ਤਰ੍ਹਾਂ ਦੀ ਚਿੱਠੀ ਪੜ੍ਹਕੇ ਬੇਦੀਆਂ ਨੇ ਵੀ ਵੈਰ ਭਾਵ ਵਿਸਾਰ ਦਿੱਤਾ ਤੇ ਬਿਸਤਰਾ ਗੋਲ ਕਰਕੇ ਸੋਢੀਆਂ ਪਾਸ ਆ ਪਹੁੰਚੇ । ਆਪਸ ਵਿਚ ਭਰਾ-ਭਰਾ ਮਿਲ ਕੇ ਬਹੁਤ ਅਨੰਦ ਪ੍ਰਸੰਨ ਹੋਏ । ਸੋਢੀਆਂ ਦੇ ਰਾਜਾ ਨੇ ਕਹਿ ਕੇ ਬੇਦੀਆਂ ਪਾਸੋਂ ਵੇਦਾਂ ਦੀ ਧੁਨ ਕਰਵਾਈ, ਪਹਿਲੇ ਸਾਮ ਵੇਦ, ਫੇਰ ਰਿਗ ਵੇਦ, ਪੁਨਾ ਯਜੁਰ ਵੇਦ ਸੁਣਾਇਆ ਤਦ ਸੋਢੀ ਰਾਜਾ ਬਹੁਤ ਪ੍ਰਸੰਨ ਹੋਇਆ । ਜਦ ਬੇਦੀਆਂ ਨੇ ਚੌਥਾ ਅਥਰਬਣ ਵੇਦ ਸੁਣਾਇਆ ਤਦ ਸੋਢੀ ਰਾਜਾ ਆਪਣਾ ਰਾਜ ਭਾਗ ਸਾਰਾ ਬੇਦੀਆਂ ਨੂੰ ਸਮਰਪਨ ਕਰਕੇ ਆਪ ਬਨ ਵਿਖੇ ਜਾਣ ਨੂੰ ਤਿਆਰ ਹੋ ਗਿਆ । ਉਸ ਵੇਲੇ ਬੇਦੀਆਂ ਨੇ ਬਹੁਤ ਪ੍ਰਸੰਨ ਹੋ ਕੇ ਅਸੀਸ ਦਿੱਤੀ। ਯਥਾ :- **ਬੇਦੀ ਭਇਓ ਪ੍ਰਸੰਨ ਰਾਜ ਕਰ ਪਾਇਕੈ ॥ ਦੇਤ ਭਯੋ ਬਰਦਾਨ ਹੀਐ ਹੁਲਸਾਇਕੈ ॥ ਜਬ ਨਾਨਕ ਕਲ ਮੈ ਹਮ ਆਨ ਕਹਾਇ ਹੈ । ਹੋ ਜਗਤ ਪੂਜ ਕਰ ਤੋਹਿ ਧਰਮ ਪਦ ਪਾਇ ਹੈ।** ਕਿ ਜਿਸ ਵੇਲੇ ਉਹ ਪਰਮੇਸ਼ਰ ਸਾਡੀ ਕੁਲ ਅਰਥਾਤ ਬੇਦੀ ਬੰਸ ਵਿਚ ਆ ਕੇ ਸ੍ਰੀ ਗੁਰੂ ਨਾਨਕ ਰੂਪ ਕਹਾਏਗਾ । ਤਿਸੀ ਵੇਲੇ ਤੁਹਾਡੀ ਕੁਲ ਵਾਲਿਆਂ ਭਾਵ ਸੋਢੀਆਂ ਨੂੰ ਜਗਤ ਦਾ ਪੂਜਨੀਕ ਕਰੇਗਾ ਅਤੇ ਤੁਹਾਡੀ ਕੁਲ ਵਾਲੇ ਸਾਰੇ ਪੁਰਸ਼ ਪਰਮ ਪਦਵੀ ਨੂੰ ਪਾਉਣਗੇ ।

**ਤ੍ਰਿਤੀਯ ਬੇਦ ਸੁਨਬੋ ਤੁਮ ਦੀਅ ॥ ਚਤੁਰ ਬੇਦ ਸੁਨਿ ਭੂਅ ਕੋ ਦੀਆ ॥**

**ਤੀਨ ਜਨਮ ਹਮਹੂੰ ਜਬ ਧਰਿ ਹੈ ॥ ਚੌਥੇ ਜਨਮ ਗੁਰੂ ਤੁਹਿ ਕਰ ਹੈ ॥**

ਅਰਥਾਤ : ਜਿਸ ਵੇਲੇ ਪਰਮੇਸ਼ਰ (ਤੀਨ ਜਨਮ) ਤਿਨੇ ਅਵਤਾਰ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਸਾਡੀ ਕੁਲ ਭਾਵ ਬੇਦੀ ਬੰਸ ਵਿਖੇ ਧਾਰੇਗਾ ਤਾਂ (ਚੌਥੇ ਜਨਮ) ਚੌਥਾ ਅਵਤਾਰ ਤੁਹਾਡੀ ਸੋਢੀ ਕੁਲ ਵਿਚ ਹੋਵੇਗਾ । ਤੁਹਾਡੀ ਕੁਲ ਵਾਲਿਆਂ ਨੂੰ ਭਾਵ ਸੋਢੀ ਕੁਲ ਵਾਲਿਆਂ ਨੂੰ ਗੁਰੂ ਕਰੇਗਾ । ਇਸੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਕਥਨ ਕੀਤਾ ਹੈ ਕਿ -

ਤਿਨ ਬੇਦੀਯਨ ਕੀ ਕੁਲ ਬਿਖੇ ਪ੍ਰਗਟੇ ਨਾਨਕ ਰਾਇ ॥ ਸਭ ਸਿੱਖਨ ਕੋ ਸੁਖ ਦਏ ਜੱਹ ਤੱਹ ਭਏ ਸਹਾਇ ॥

ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ ॥

ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥

ਅਰਥ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਹਨ ਕਿ ਦਿਲੀਸ-ਦਿੱਲੀ ਦੇ ਰਾਜੇ ਔਰੰਗਜ਼ੇਬ ਦੇ ਸਿਰ ਪਰ ਹੋ ਕੇ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੇ 'ਤਿਲਕ' ਤੇ 'ਜੰਞੂ' ਦੀ ਰਾਖੀ ਲਈ ਆਪਣਾ ਸਰੀਰ ਰੂਪੀ ਠੀਕਰਾ ਫੋੜ ਦਿੱਤਾ । ਪ੍ਰਭੂ ਦੇਸ ਸੱਚ ਖੰਡ ਵਿਚ ਚਲੇ ਗਏ । ਗੁਰੂ ਤੇਗ ਬਹਾਦਰ ਜੀ ਵਰਗੀ ਕੁਰਬਾਨੀ ਦੀ ਕਿਰਿਆ ਅੱਜ ਤੱਕ ਸੰਸਾਰ ਵਿਚ ਕਿਸੇ ਨੇ ਵੀ ਨਹੀਂ ਕੀਤੀ ।

ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥

ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ॥੮॥੧੬॥

ਅਰਥ : ਸ੍ਰੀ ਗੁਰੂ ਗੋਬਿੰਦ ਸਿੰਘ ਬਹਾਦਰ ਜੀ ਦੇ ਸੰਸਾਰ ਤੋਂ ਚਲੇ ਜਾਣ ਕਰਕੇ ਸੰਸਾਰ ਵਿਚ ਬੜ੍ਹਾ ਭਾਰੀ ਸ਼ੋਕ-ਦੁੱਖ ਹੋਇਆ । ਸਾਰੇ ਜਗਤ ਵਿੱਚ ਹਾ ਹਾ ਕਾਰ ਹੋਇਆ ਪਰ ਦੇਵ ਲੋਕ ਭਾਵ ਬੈਕੁੰਠ ਵਿੱਚ ਜੈ ਜੈ ਕਾਰ ਹੋਇਆ ।

(ਚਲਦਾ.......)



੧ਓ

# ਬਾਦਸ਼ਾਹ ਦਰਵੇਸ਼ ਗੁਰੁ ਗੋਬਿੰਦ ਸਿੰਘ

- ਭਾਈ ਨੰਦ ਲਾਲ ਜੀ 'ਗੋਯਾ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

**ਮੁਕ਼ਬਲੋ ਮਕ਼ਬੂਲ ਗੁਰੁ ਗੋਬਿੰਦ ਸਿੰਘ ॥**
**ਵਾਸਲੋ ਮੌਸੂਲ ਗੁਰੁ ਗੋਬਿੰਦ ਸਿੰਘ ॥**
**ਜਾਂ-ਫ਼ਰੋਜ਼ਿ ਨਹਿਰ ਗੁਰੁ ਗੋਬਿੰਦ ਸਿੰਘ ॥**
**ਫ਼ੈਜ਼-ਹੱਕ ਰਾ ਬਹਿਰ ਗੁਰੁ ਗੋਬਿੰਦ ਸਿੰਘ ॥**

ਮੁਕ਼ਬਲੋ ਮਕ਼ਬੂਲ ਗੁਰੁ ਗੋਬਿੰਦ ਸਿੰਘ ॥
ਵਾਸਲੋ ਮੌਸੂਲ ਗੁਰੁ ਗੋਬਿੰਦ ਸਿੰਘ ॥

ਅਰਥ : ਗੁਰੂ ਗੋਬਿੰਦ ਸਿੰਘ ਪਰਵਾਨ ਤੇ ਹਰ-ਮਨ-ਪਿਆਰਾ ਹੈ, ਗੁਰੂ ਗੋਬਿੰਦ ਰੱਬ ਨਾਲ ਜੁੜਿਆ ਹੋਇਆ ਅਤੇ ਜੋੜਨ ਵਾਲਾ ਹੈ ।

ਜਾਂ-ਫ਼ਰੋਜ਼ਿ ਨਹਿਰ ਗੁਰੁ ਗੋਬਿੰਦ ਸਿੰਘ ॥
ਫ਼ੈਜ਼-ਹੱਕ ਰਾ ਬਹਿਰ ਗੁਰੁ ਗੋਬਿੰਦ ਸਿੰਘ ॥

ਅਰਥ : ਗੁਰੂ ਗੋਬਿੰਦ ਸਿੰਘ ਜ਼ਮਾਨੇ ਨੂੰ ਜਾਨ ਬਖਸ਼ਣ ਵਾਲਾ ਹੈ, ਗੁਰੂ ਗੋਬਿੰਦ ਸਿੰਘ ਰੱਬ ਦੀ ਮਿਹਰ ਦਾ ਸਮੁੰਦਰ ਹੈ ।

(ਚਲਦਾ ....)



ੴ

# ਸੰਖੇਪ-ਜੀਵਨੀ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ

| | |
|---|---|
| ਨਾਮ | : ਪਹਿਲਾ ਨਾਮ ਗੋਬਿੰਦ ਰਾਏ ਅੰਮ੍ਰਿਤ ਛਕਣ ਉਪਰੰਤ ਗੋਬਿੰਦ ਸਿੰਘ |
| ਪਾਤਸ਼ਾਹੀ | : ਦਸਵੀ |
| ਪ੍ਰਕਾਸ਼ ਦਿਵਸ ਤਿਥੀ ਤੇ ਸਥਾਨ | : 22 ਦਸੰਬਰ 1666 ਈ., ਪੋਹ ਸੁਦੀ 7,1723 ਬਿਕ੍ਰਮੀ ਨੂੰ<br>: ਸ੍ਰੀ ਪਟਨਾ ਸਾਹਿਬ (ਬਿਹਾਰ) |
| ਪਿਤਾ ਜੀ ਦਾ ਨਾਮ | : ਸ੍ਰੀ ਗੁਰੂ ਤੇਗ ਬਹਾਦਰ ਜੀ |
| ਮਾਤਾ ਜੀ ਦਾ ਨਾਮ | : ਮਾਤਾ ਗੂਜਰੀ ਜੀ |
| ਮਹਿਲਾਂ ਦਾ ਨਾਮ | : ਬੀਬੀ ਅਜੀਤ ਕੌਰ ਜੀ, ਬੀਬੀ ਸੁੰਦਰ ਕੌਰ ਜੀ, ਬੀਬੀ ਸਾਹਿਬ ਕੌਰ ਜੀ |
| ਅਨੰਦ-ਕਾਰਜ | : 5 ਜੁਲਾਈ 1677, 17 ਅਪ੍ਰੈਲ 1684, 30 ਅਕਤੂਬਰ 1700 |
| ਗੁਰਗੱਦੀ ਨਸ਼ੀਨੀ | : 11-11-1675 ਈ: (ਸੰਮਤ - 1732) |
| ਸੰਤਾਨ | : ਚਾਰ ਸਪੁੱਤਰ : ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫ਼ਤਹਿ ਸਿੰਘ ਜੀ |
| ਕੁੱਲ ਉਮਰ | : ਤਕਰੀਬਨ 42 ਸਾਲ |
| ਖਾਲਸੇ ਦੀ ਸਾਜਣਾ | : 13 ਅਪ੍ਰੈਲ 1699 ਵੈਸਾਖ -1 ਸੰਮਤ-1756 |
| ਪਵਿੱਤਰ ਨਗਰ ਵਸਾਏ | : ਗੁਰੂ ਕਾ ਲਾਹੌਰ ਜੂਨ 1677, ਸ੍ਰੀ ਪਾਉਂਟਾ ਸਾਹਿਬ ਜਮਨਾ ਕੰਢੇ 1684, ਬਿਭੌਰ ਸਾਹਿਬ 1689, ਮੁਕਤਸਰ 1705 |
| ਜੋਤਿ-ਜੋਤਿ ਸਮਾਉਣ ਦੀ ਤਿਥੀ ਤੇ ਸਥਾਨ | 7-10-1708 ਈ:, ਕੱਤਕ ਸੁਦੀ 5, 1765 ਹਜ਼ੂਰ ਸਾਹਿਬ, ਨਾਦੇੜ (ਮਹਾਰਾਸ਼ਟਰ) |
| ਗੁਰਗੱਦੀ ਕਾਲ | : 33 ਵਰ੍ਹੇ |
| ਬਾਣੀ ਰਚਨਾ | ਜਾਪੁ, ਅਕਾਲ ਉਸਤਤ, ਚੌਪਈ, ਬਚਿਤ੍ਰ ਨਾਟਕ, ਸਵੈਯੇ, ਸ਼ਬਦ ਹਜ਼ਾਰੇ ਜਫ਼ਰਨਾਮਾ (ਦਸਮ ਗ੍ਰੰਥ)। |
| ਸਮਕਾਲੀ ਹੁਕਮਰਾਨ | ਔਰੰਗਜ਼ੇਬ, ਬਹਾਦਰ ਸ਼ਾਹ। |

# ਦਰਿਆਵਾਂ ਦਾ ਦੋਸਤ ਗੁਰੂ ਗੋਬਿੰਦ ਸਿੰਘ

- ਨਰਿੰਜਨ ਸਿੰਘ ਸਾਥੀ

ਗੁਰੂ ਗੋਬਿੰਦ ਸਿੰਘ ਬੜੀ ਵਿਲੱਖਣ ਸ਼ਖਸੀਅਤ ਦੇ ਮਾਲਕ ਸਨ। ਸੂਰਬੀਰਤਾ ਤੇ ਨਿਹੰਗਤਾ ਉਨ੍ਹਾਂ ਦੇ ਮੁੱਖ ਲੱਛਣ ਸਨ। ਲਿਖਦੇ ਹਨ...... ਜਦ ਤੋਂ ਅਕਾਲ ਪੁਰਖ ਦੇ ਚਰਨ ਫੜੇ ਹਨ, ਮੈਂ ਕਿਸੇ ਨੂੰ ਅੱਖ ਹੇਠ ਨਹੀਂ ਲਿਆਉਂਦਾ। ਉਸ ਨੇ ਮੈਨੂੰ ਆਪਣਾ ਪੁੱਤਰ ਸਾਜ ਕੇ ਸੰਸਾਰ ਤੇ ਭੇਜਿਆ ਹੈ। ਪਰ ਲੋਕੋ, ਮੈਨੂੰ ਆਪਣਾ ਪਰਮੇਸ਼ਰ ਨਾ ਸਮਝਿਓ। ਸਮਝੋਗੇ, ਤਾਂ ਨਰਕ ਨੂੰ ਜਾਓਗੇ..... ਅਕਾਲ ਪੁਰਖ ਦੀ ਸ਼ਕਤੀ ਦੇ ਚਿੰਨ੍ਹ ਤੇਗਾਂ ਤੇ ਤੀਰ, ਮੇਰੇ ਗੁਰੂ ਪੀਰ ਹਨ। ...... ਨਮਸਕਾਰ ਸ੍ਰੀ ਖੜਗਕਉ....... ਜੈ ਤੇਗੰ, ਜੈ ਤੇਗੰ। ........ ਔਰੰਗਜ਼ੇਬ ਨੂੰ ਲਿਖਿਆ....... ਤੇਰੇ ਵਰਗਾ ਮੱਕਾਰ ਤੇ ਦਗਾਬਾਜ਼ ਆਦਮੀ ਸ਼ਾਹੀ ਤਖ਼ਤ (ਅਉਰੰਗ) ਦੀ ਸ਼ੋਭਾ (ਜ਼ੇਬ) ਕਹਾਉਣ ਦਾ ਹੱਕ ਨਹੀਂ ਰੱਖਦਾ। ....... ਉਹ ਗਊ ਗਰੀਬ ਤੇ ਦੀਨ ਦੁਖੀਆਂ ਦੇ ਰਖਸ਼ਕ ਤੇ ਦੁਸ਼ਟਾਂ ਤੇ ਭਖਸ਼ਕ ਸਨ।..... ਰਣ ਭੂਮੀ ਵਿਚ ਜਾਂਦੇ ਸਨ ਤਲਵਾਰ ਤੇ ਬੰਦੂਕ ਚਲਾਉਂਦੇ ਸਨ। ਦੁਸ਼ਮਣਾਂ ਉਤੇ ਦੋਹਾਂ ਹੱਥਾਂ ਨਾਲ ਤੀਰ ਵਰ੍ਹਾਉਂਦੇ ਸਨ।.... ਅਤੇ ਕਾਮਨਾ ਕਰਦੇ ਸਨ ....ਘਰ.... ਜਦੋਂ ਮੇਰਾ ਅੰਤਿਮ ਸਮਾਂ ਆਵੇ, ਮੈਂ ਰਣਭੂਮੀ ਵਿਚ ਹੀ ਪ੍ਰਾਣ ਦੇਵਾਂ।

ਐਸੇ ਸੂਰਮੇ ਗੁਰੂ ਦੀ ਵਿਨੋਦ-ਬਿਰਤੀ ਵੀ ਦੇਖਣ ਵਾਲੀ ਹੈ। ...... ਅਨੰਦਪੁਰ ਵਿਚ ਇਕ ਵਾਰ ਕੜਾਹ ਪ੍ਰਸ਼ਾਦ ਦੀ ਲੁੱਟ ਕਰਵਾਈ। ਇਹ ਦੇਖਣ ਲਈ ਕਿ ਕੌਣ ਕਿੰਨਾਂ ਤਕੜਾ ਹੈ।..... ਇਕ ਵਾਰੀ ਇਕ ਖੋਤੇ ਨੂੰ ਸ਼ੇਰ ਦੀ ਖੱਲ ਪਾ ਕੇ ਛੱਡ ਦਿੱਤਾ। ਲੋਕ ਉਸ ਤੋਂ ਡਰਨ ਲੱਗੇ ਪਰ ਜਦ ਉਹ ਹੀਂਗਿਆਂ ਤਾਂ ਅਸਲੀਅਤ ਪ੍ਰਗਟ ਹੋ ਗਈ ..... ਅਨੰਦ-ਪੁਰ ਛੱਡ ਕੇ ਜਦੋਂ ਮਾਲਵੇ ਵਿਚ ਗਏ, ਤਾਂ ਪਿੰਡ ਫੱਤੂ-ਸੰਮੂ-ਕੀ ਟਲ੍ਹੀਆਂ ਵਿਚ ਲੱਕ ਲੂੰਗੀ ਬੰਨ੍ਹ ਕੇ ਮੋਢੇ ਖੇਸ ਰੱਖ ਲਿਆ। ਪਿੰਡ ਬਾਜਨ ਵਿਚ ਦੀਵਾਨੇ ਸਾਧਾਂ, ਸੁੱਖੂ ਤੇ ਬੁੱਧੂ ਤੋਂ ਜੰਗਲ ਦੇ ਲੋਕ ਗੀਤ ਸੁਣੇ :

ਕੱਚਾ ਕੋਠਾ ਵਿਚ ਵਸਦਾ ਜਾਨੀ, ਸਦਾ ਨਾ ਮਾਪੇ, ਨਿੱਤ ਨਹੀਂ ਜੁਆਨੀ। ....

ਪਰ ਇਸ ਲੇਖ ਦਾ ਵਿਸ਼ਾ ਗੁਰੂ ਗੋਬਿੰਦ ਸਿੰਘ ਦੀ 'ਦਰਿਆਵਾਂ ਨਾਲ ਦੋਸਤੀ' ਹੈ। ਦਰਿਆ ਮੁੱਢ-ਕਦੀਮ ਤੋਂ ਮਨੁੱਖ ਦੇ ਪਾਲਕ ਤੇ ਮਿੱਤਰ ਰਹੇ ਹਨ। ਦਰਿਆਵਾਂ ਦੇ ਕਿਨਾਰੇ ਹੀ ਮਨੁੱਖੀ ਸੱਭਿਅਤਾ ਨੇ ਅੱਖ ਖੋਲ੍ਹੀ। ਪਹਿਲੀਆਂ ਸੱਭਿਅਤਾਵਾਂ ਦੇ ਨਾਂ ਦਰਿਆਵਾਂ ਦੇ ਨਾਂਵਾਂ ਉਤੇ ਹੀ ਰੱਖੇ ਗਏ।...... ਨੀਲ ਵਾਦੀ ਦੀ ਸੱਭਿਅਤਾ ..... ਸਿੰਧ ਵਾਦੀ ਦੀ ਸੱਭਿਅਤਾ, ਆਦਿ। ਸਿੱਖ ਗੁਰੂ ਸਾਹਿਬਾਨ ਨੇ ਵੀ ਆਪਣੇ ਨਿਵਾਸ-ਅਸਥਾਨ ਦਰਿਆਵਾਂ ਦੇ ਕੰਢੇ ਹੀ ਬਣਾਏ। ਗੁਰੂ ਨਾਨਕ ਦੇਵ ਜੀ ਨੇ ਰਾਵੀ ਦੇ ਕਿਨਾਰੇ ਕਰਤਾਰਪੁਰ, ਗੁਰੂ ਅਮਰਦਾਸ ਜੀ ਨੇ ਬਿਆਸ ਦੇ ਕਿਨਾਰੇ ਗੋਇੰਦਵਾਲ, ਗੁਰੂ ਹਰਿਗੋਬਿੰਦ ਜੀ ਨੇ ਸਤਿਲੁਜ ਦੇ ਕਿਨਾਰੇ ਕੀਰਤਪੁਰ ਤੇ ਗੁਰੂ ਤੇਗ਼ ਬਹਾਦਰ ਜੀ ਨੇ ਵੀ ਕੀਰਤਪੁਰ ਤੋਂ ਛੇ ਮੀਲ ਉੱਤਰ ਵੱਲ ਦਰਿਆ ਸਤਿਲੁਜ ਦੇ ਕਿਨਾਰੇ ਹੀ ਅਨੰਦਪੁਰ ਦੀ ਰਚਨਾ ਕੀਤੀ।

ਗੁਰਬਾਣੀ ਵਿਚ ਸ਼ਬਦ 'ਦਰਿਆ' ਨੂੰ ਈਸ਼ਵਰ ਦੇ ਸਰਬ-ਉਚ ਅਰਥਾਂ ਤੋਂ ਲੈ ਕੇ ਸਾਧਾਰਨ 'ਨਦੀ' ਦੇ ਅਰਥਾਂ ਤਕ ਵਰਤਿਆ ਗਿਆ ਹੈ :-

ਈਸ਼ਵਰ : ਤੂੰ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥
ਗੁਰੂ : ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ ॥
ਨਦੀ : ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥
ਤਿਨਾ ਦਰਿਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ।

ਈਸ਼ਵਰੀ ਇਨਸਾਨ, ਈਸ਼ਵਰ ਦੀ ਕੁਦਰਤ ਨੂੰ ਬਹੁਤ ਪਿਆਰ ਕਰਦੇ ਹਨ। ਦਰਿਆ ਕੁਦਰਤ ਦੀ ਸ਼ਕਤੀ ਤੇ ਸੁੰਦਰਤਾ ਦਾ ਇਕ ਬਲਵਾਨ ਨਮੂਨਾ ਹੈ।

ਦਸਾਂ ਗੁਰੂਆਂ ਵਿਚੋਂ ਗੁਰੂ ਗੋਬਿੰਦ ਸਿੰਘ ਸਭ ਤੋਂ ਵੱਧ ਦਰਿਆਵਾਂ ਦੇ ਦੋਸਤ ਸਨ। ਉਨ੍ਹਾਂ ਦਾ ਸਾਰਾ ਜੀਵਨ ਦਰਿਆਵਾਂ ਦੇ ਕਿਨਾਰੇ ਬੀਤਿਆ। ਆਪਣੀ ਜ਼ਿੰਦਗੀ ਵਿਚ ਉਹ ਕੇਵਲ ਇਕ ਵਾਰ ਦਰਿਆ ਤੋਂ ਦੂਰ ਰਹੇ, ਜਦੋਂ ਉਨ੍ਹਾਂ ਨੂੰ ਅਨੰਦਪੁਰ ਛੱਡਣ ਪਿਛੋਂ ਦਮਦਮਾ ਸਾਹਿਬ (ਤਲਵੰਡੀ ਸਾਬੋ) ਜਾ ਕੇ ਰਹਿਣਾ ਪਿਆ। ਉਥੇ ਨੇੜੇ-ਤੇੜੇ ਕੋਈ ਨਦੀ ਜਾਂ ਦਰਿਆ ਨਹੀਂ ਸੀ। ਇਕੋ ਨਦੀ, ਚੰਦਰੀ 'ਸਰਸਾ' ਨੇ ਹੀ ਉਨ੍ਹਾਂ ਨਾਲ ਬੇਵਫਾਈ ਕੀਤੀ। ਬਾਕੀ ਭਾਰਤ ਦੇ ਹੋਰ ਸ਼੍ਰੋਮਣੀ ਦਰਿਆ ਗੰਗਾ, ਸਤਲੁਜ, ਜਮਨਾ, ਬਿਆਸ ਤੇ ਗੋਦਾਵਰੀ ਸਦਾ ਉਨ੍ਹਾਂ ਦੇ ਪਰਮ ਮਿੱਤਰ ਤੇ ਸਹਾਇਕ ਰਹੇ। ਇਨ੍ਹਾਂ ਦੀ ਬਲਵਾਨ ਜਲਧਾਰਾ ਦੇ ਸਮਾਨ ਗੁਰੂ ਜੀ ਨੇ ਵੀ ਸੰਘਰਸ਼ ਭਰਿਆ ਸ਼ਕਤੀਸ਼ਾਲੀ ਜੀਵਨ ਬਤੀਤ ਕੀਤਾ।

**ਗੰਗਾ** - ਗੁਰੂ ਤੇਗ ਬਹਾਦਰ ਜੀ ਪਰਿਵਾਰ ਸਮੇਤ ਅਨੰਦਪੁਰ ਤੋਂ ਪਟਨੇ ਨੂੰ ਜਾ ਰਹੇ ਸਨ। ਜਦੋਂ ਤ੍ਰਿਬੇਣੀ ਸੰਗਮ, ਅਲਾਹਬਾਦ ਪਹੁੰਚੇ ਤਾਂ ਮਾਤਾ ਜੀ ਦੀ ਕੁੱਖ ਵਿਚ ਗੋਬਿੰਦ ਦਾਸ ਦਾ ਪ੍ਰਕਾਸ਼ ਹੋਇਆ। ਅੱਗੇ ਪਟਨੇ ਸ਼ਹਿਰ ਵਿਚ ਜਾ ਕੇ ਗੰਗਾ ਦੇ ਕਿਨਾਰੇ ਗੁਰੂ ਜੀ ਨੇ ਜਨਮ ਲਿਆ :-

**ਜਬ ਹੀ ਜਾਤ ਤ੍ਰਿਬੈਣੀ ਭਏ। ਪੁੰਨ ਦਾਨ ਦਿਨ ਕਰਤ ਬਿਤਏ।**
**ਤਹੀ ਪ੍ਰਕਾਸ਼ ਹਮਾਰਾ ਭਯੋ। ਪਟਨਾ ਸ਼ਹਿਰ ਬਿਖੈ ਭਵ ਲਯੋ।**

ਇਥੇ ਗੰਗਾ ਦੇ ਕਿਨਾਰੇ ਗੋਬਿੰਦ ਨੇ ਆਪਣੇ ਬਚਪਨ ਦੇ ਪਹਿਲੇ ਪੰਜ ਸਾਲ ਗੁਜ਼ਾਰੇ। ਨਦੀ ਕਿਨਾਰੇ ਅੱਖਾਂ ਮੀਟ ਕੇ ਬੈਠੇ ਜੋਗੀਆਂ ਦੀਆਂ ਬਣਾਉਟੀ ਸਮਾਧੀਆਂ ਤੋੜੀਆਂ। ਬੱਚਿਆਂ ਦੇ ਦਲ ਬਣਾ ਕੇ ਨਕਲੀ ਜੰਗਾਂ ਲੜੀਆਂ। ਇੱਥੇ ਹੀ ਗੰਗਾ-ਤੱਟ ਤੇ ਪੰਡਤ ਸ਼ਿਵ ਦੱਤ ਨਾਲ ਰੂਹਾਨੀ ਮੇਲ ਹੋਇਆ। ਉਹ ਰਹਿੰਦੀ ਉਮਰ ਤੱਕ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ। ਇਕ ਦਿਨ ਸੋਨੇ ਦਾ ਕੰਗਣ ਨਦੀ ਵਿਚ ਡਿੱਗ ਪਿਆ। ਮਾਤਾ ਜੀ ਨੇ ਪੁੱਛਿਆ, "ਕਿੱਥੇ ਡਿੱਗਾ ਹੈ?" ਤਾਂ ਗੋਬਿੰਦ ਨੇ ਦੂਜਾ ਕੰਗਣ ਨਦੀ ਵਿਚ ਸੁੱਟ ਕੇ ਆਖਿਆ, "ਇੱਥੇ।" ਗੰਗਾ ਤੱਟ ਤੇ ਵਸਦਿਆਂ, ਉਸ ਵਿਚ ਨਿੱਤ ਇਸ਼ਨਾਨ ਕਰਦਿਆਂ, ਉਸ ਦੇ ਨੀਲੇ ਬਲੌਰੀ ਪਾਣੀਆਂ ਨਾਲ ਖੇਡਦਿਆਂ ਬਾਲ ਗੋਬਿੰਦ ਦੀ ਨਿਰਮਲ ਸ਼ਖਸੀਅਤ ਦਾ ਵਿਕਾਸ ਹੋਇਆ।

**ਸਤਲੁਜ** - ਛੇ ਸਾਲ ਦੀ ਉਮਰ ਤੋਂ ੩੮ ਸਾਲ ਦੀ ਉਮਰ ਤੱਕ ੩੨ ਸਾਲ ਗੁਰੂ ਗੋਬਿੰਦ ਸਿੰਘ ਸਤਲੁਜ ਦੇ ਕਿਨਾਰੇ ਅਨੰਦਪੁਰ ਵਿਚ ਰਹੇ (ਵਿਚੋਂ ਤਿੰਨ ਕੁ ਸਾਲ ਉਹ ਪਾਉਂਟੇ ਚਲੇ ਗਏ ਸਨ) ਸਤਲੁਜ, ਅਨੰਦਪੁਰ ਤੋਂ ਭਾਵੇਂ ਦੋ ਢਾਈ ਮੀਲ ਪਰੇ ਸੀ ਪਰ ਉਹ ਗੋਬਿੰਦ ਤੇ ਉਸ ਦੇ ਸਾਥੀਆਂ ਦਾ ਨਿੱਤ ਦਾ ਸਾਥੀ ਸੀ ਗੰਗਾ ਵਾਂਗ ਸਤਲੁਜ ਦੇ ਕਿਨਾਰੇ ਵੀ ਜੰਗੀ ਖੇਡਾਂ ਜਾਰੀ ਰਹੀਆਂ। ਇੱਕ ਦਿਨ ਸਤਲੁਜ ਵਿਚ ਨਹਾਉਂਦਿਆਂ, ਖਰੂਦ ਕਰਦਿਆਂ ਗੋਬਿੰਦ ਦੇ ਭਤੀਜੇ, ਗੁਲਾਬ ਸਿੰਘ ਨੇ ਬਾਹਰ ਨਿਕਲ ਕੇ ਭੁਲੇਖੇ ਨਾਲ ਗੁਰੂ ਜੀ ਦੀ ਦਸਤਾਰ ਆਪਣੇ ਸਿਰ ਤੇ ਬੰਨ੍ਹ ਲਈ। ਦੂਜਿਆਂ ਨੇ ਰੋਕਿਆ ਤਾਂ ਗੁਰੂ ਜੀ ਕਹਿਣ ਲੱਗੇ, "ਕੋਈ ਨਹੀਂ, ਬੱਝੀ ਰਹਿਣ ਦੇ, ਤੂੰ ਵੀ ਇਕ ਦਿਨ ਗੁਰੂ ਬਣੇਂਗਾ।" ਗੁਰੂ ਜੀ ਦੇ ਅਨੰਦਪੁਰ ਛੱਡ ਜਾਣ ਪਿੱਛੋਂ ਗੁਲਾਬ ਸਿੰਘ ਗੁਰ ਗੱਦੀ ਤੇ ਬਹਿਣ ਲੱਗ ਪਿਆ। ਪਰ ਉਸ ਨੂੰ ਕਿਸੇ ਨੇ ਗੁਰੂ ਨਾ ਮੰਨਿਆ।

ਸਤਲੁਜ ਦੇ ਕਿਨਾਰੇ ਗੁਰੂ ਜੀ ਨੇ ਕਰਾਮਾਤਾਂ ਵਰਗੇ ਕਾਰਨਾਮੇ ਕੀਤੇ। ਅੰਮ੍ਰਿਤ ਦਾ ਬਾਟਾ, ਮੂਲ ਰੂਪ ਵਿਚ ਸਤਲੁਜ ਦੇ ਪਵਿੱਤਰ ਜਲ ਦਾ ਹੀ ਹਿੱਸਾ ਸੀ ਜਿਸ ਨੇ ਮੁਰਦਾ ਕੌਮ ਵਿਚ ਜਾਨ ਪਾ ਦਿੱਤੀ। ਗੁਰੂ ਜੀ ਦਾ ਸਾਰਾ ਕਾਰਜ ਖੇਤਰ ਸਤਲੁਜ ਦੇ ਆਰ ਪਾਰ ਵਾਕਿਆ ਸੀ। ਅਨੰਦਪੁਰ,

ਕੀਰਤਪੁਰ, ਨਿਰਮੋਹਗੜ੍ਹ, ਸਰਸਾ, ਰੋਪੜ ਤੇ ਚਮਕੌਰ ਸਾਹਿਬ, ਸਤਲੁਜ ਦੇ ਐਨ ਖੱਬੇ ਕੰਢੇ ਤੇ ਹਨ। ਭਬੌਰ ਸਾਹਿਬ, ਭਲਾਣ, ਬੜਵਾ, ਬਾਣਗੜ੍ਹ ਸਾਹਿਬ (ਨੂਰਪੁਰ ਬੇਦੀ) ਬਸਾਲੀ, ਸਰਥਲੀ ਤੇ ਬਜਰੂੜ ਆਦਿ, ਉਪਰੋਕਤ ਸਥਾਨਾਂ ਦੇ ਲੱਗਭੱਗ ਸਮਾਨਾਂਤਰ, ਸਤਲੁਜ ਦੇ ਸੱਜੇ ਕੰਢੇ ਤੇ ਵਿਦਮਾਨ ਹਨ। ਇਹ ਸਾਰੀਆਂ ਥਾਵਾਂ ਗੁਰੂ ਜੀ ਦੇ ਜੰਗਾਂ-ਯੁਧਾਂ ਨਾਲ ਸੰਬੰਧਤ ਹਨ। ਅੱਜ ਕੱਲ੍ਹ ਇਥੇ ਬਣੇ ਗੁਰਦੁਆਰਿਆਂ ਵਿਚ ਗੁਰੂ ਜੀ ਦੇ ਉਚੇ ਨਿਸ਼ਾਨ ਝੂਲ ਰਹੇ ਹਨ।

ਅਨੰਦਪੁਰ ਵਲ ਵਧੀਆਂ ਆ ਰਹੀਆਂ ਦੁਸ਼ਮਣ ਫੌਜਾਂ ਨੂੰ ਕਈ ਵਾਰ ਸਤਲੁਜ ਨੇ ਰੋਕਿਆ। ਸਤਲੁਜ ਦਾ ਇੱਕ ਸਹਾਇਕ ਨਾਲਾ, ਖਾਨਜ਼ਾਦੇ ਦੇ ਹਮਲੇ ਸਮੇਂ ਉਸ ਦੀ ਫੌਜ ਨੂੰ ਹੜ੍ਹਾ ਕੇ ਲੈ ਗਿਆ। ਅੱਜ ਤੱਕ ਸਿੱਖ ਉਸ ਨੂੰ **'ਹਮਾਇਤੀ ਨਾਲਾ'** ਕਹਿੰਦੇ ਹਨ। ਚਰਨ ਗੰਗਾ ਵੀ ਅਨੰਦਪੁਰ ਦੇ ਚਰਨ ਪਰਸ ਕੇ ਲੰਘਦੀ ਹੈ।

ਨੰਗਲ ਦੇ ਨੇੜੇ, ਸਤਲੁਜ ਦੇ ਕਿਨਾਰੇ ਹੀ ਗੁਰਦੁਆਰਾ ਭਬੌਰ ਸਾਹਿਬ ਹੈ। ਗੁਰੂ ਜੀ ਇਥੇ ਰਾਜਾ ਭਬੌਰ ਦੇ ਬੁਲਾਵੇ ਤੇ ਆਏ ਸਨ, ਦਰਿਆ ਦਾ ਕਿਨਾਰਾ ਹੋਣ ਕਰਕੇ, ਇਥੇ ਗੁਰੂ ਜੀ ਦਾ ਬੜਾ ਚਿੱਤ ਲੱਗਾ। ਉਹ ਕਈ ਮਹੀਨੇ ਇਥੇ ਟਿਕੇ ਰਹੇ। ਇਸੇ ਅਸਥਾਨ ਤੇ ਉਹਨਾਂ ਨੇ ਆਪਣੀ ਪ੍ਰਸਿੱਧ ਬਾਣੀ **'ਚੌਪਈ'** ਦੀ ਰਚਨਾ ਕੀਤੀ। ਇੱਥੇ ਦਰਿਆ ਦਾ ਕੰਢਾ ਬਹੁਤ ਉਚਾ ਹੈ। ਉਸ ਉਤੇ ਹੋਰ ਵੀ ਉਚਾ ਬਣਿਆ ਗੁਰੂ-ਅਸਥਾਨ, ਆਸਮਾਨ ਨਾਲ ਗੱਲਾਂ ਕਰਦਾ ਪਰਤੀਤ ਹੁੰਦਾ ਹੈ।

ਜਮਨਾ-ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਦੇ ਸੱਦੇ ਤੇ ਸੰਨ 1685-88 ਤਿੰਨ ਸਾਲ ਗੁਰੂ ਜੀ ਉਸ ਦੀ ਰਿਆਸਤ ਵਿਚ ਰਹੇ। ਨਿਵਾਸ ਲਈ ਗੁਰੂ ਜੀ ਨੇ ਜਮਨਾ ਦਾ ਕਿਨਾਰਾ ਚੁਣਿਆ :-

**ਦੇਸ ਚਾਲ ਹਮਤੇ ਪੁੰਨ ਭਈ। ਸਹਰ ਪਾਂਵਟਾ ਕੀ ਸੁਧਿ ਲਈ।**
**ਕਾਲਿੰਦਰੀ ਤਟਿ ਕਰੇ ਬਿਲਾਸਾ। ਅਨਿਕ ਭਾਂਤ ਕੇ ਪੇਖਿ ਤਮਾਸ਼ਾ ॥**

ਉਥੇ ਵਸਾਇਆ ਸ਼ਹਿਰ ਪਾਉਂਟਾ, ਗੁਰੂ ਜੀ ਦੇ ਸਾਹਿਤ ਕੇਂਦਰ ਦੇ ਤੌਰ ਤੇ ਪ੍ਰਸਿੱਧ ਹੈ। ਕਵੀਆਂ ਨੇ ਸ਼ਿਕਾਇਤ ਕੀਤੀ, 'ਜਮਨਾ' ਸ਼ੋਰ ਬਹੁਤ ਪਾਉਂਦੀ ਹੈ। ਸਾਡੀ ਬਿਰਤੀ ਉਖੱੜ ਜਾਂਦੀ ਹੈ। ਗੁਰੂ ਜੀ ਨੇ ਜਮਨਾ ਨੂੰ **'ਸ਼ਾਂਤ ਵਹਿਣ'** ਲਈ ਕਿਹਾ। ਫਰਮਾਂਬਰਦਾਰ ਜਮਨਾ ਅੱਜ ਤੱਕ ਪਾਉਂਟੇ ਕੋਲੋਂ ਬੜੀ ਖਾਮੋਸ਼ੀ ਨਾਲ ਲੰਘਦੀ ਹੈ।

ਜਮਨਾ ਦੀ ਇਕ ਸਹਾਇਕ ਨਦੀ ਗਿਰੀ ਦੇ ਕਿਨਾਰੇ ਗੁਰੂ ਜੀ ਨੇ ਆਪਣੇ ਜੀਵਨ ਦੀ ਪਹਿਲੀ ਵੱਡੀ ਜੰਗ-ਭੰਗਾਣੀ ਦੀ ਲੜਾਈ ਲੜੀ ਤੇ ਸਾਰੇ ਪਹਾੜੀ ਰਾਜਿਆਂ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ। ਪਾਉਂਟੇ ਵਿਚ ਜਮਨਾ ਦੇ ਕਿਨਾਰੇ ਪਹਿਲੇ ਸਾਹਿਬਜ਼ਾਦੇ ਦਾ ਜਨਮ ਹੋਇਆ। ਜਿੱਤ ਦੀ ਖੁਸ਼ੀ ਵਿਚ ਉਸ ਦਾ ਨਾਂ 'ਅਜੀਤ ਸਿੰਘ' ਰਖਿਆ।

ਬਿਆਸ-ਭੰਗਾਣੀ ਦੀ ਲੜਾਈ ਵਿਚ ਹਾਰ ਖਾ ਕੇ ਬਿਲਾਸਪੁਰ ਦੇ ਰਾਜੇ ਭੀਮ ਚੰਦ ਨੇ ਗੁਰੂ ਜੀ ਨਾਲ ਸੁਲਾਹ ਕਰ ਲਈ। ਛੇਤੀ ਹੀ ਮਾਲੀਏ ਦੀ ਉਗਰਾਹੀ ਲਈ ਅਲਿਫ ਖ਼ਾਨ ਨੇ ਪਹਾੜੀ ਰਿਆਸਤਾਂ ਉਤੇ ਚੜ੍ਹਾਈ ਕਰ ਦਿੱਤੀ। ਭੀਮ ਚੰਦ ਨੇ ਗੁਰੂ ਜੀ ਨੂੰ ਮੱਦਦ ਲਈ ਬੁਲਾਇਆ। ਗੁਰੂ ਜੀ ਨੇ ਨਦੌਣ ਪਹੁੰਚ ਕੇ ਦਰਿਆ ਬਿਆਸ ਦੇ ਕਿਨਾਰੇ ਡੇਰਾ ਕੀਤਾ। ਇਕ ਦਿਨ ਦੀ ਲੜਾਈ ਵਿਚ ਅਲਿਫ ਖਾਨ ਹਾਰ ਕੇ ਭੱਜ ਗਿਆ। ਗੁਰੂ ਜੀ ਬਿਆਸ ਦੇ ਕਿਨਾਰੇ ਅੱਠ ਦਿਨ ਰਹੇ।

**ਨਦੀ ਪੈ ਦਿਨੇ ਅਸ਼ਟ ਕੀਨੇ ਮੁਕਾਮੰ। ਭਲੀ ਭਾਂਤਿ ਦੇਖੇ ਸਬੈ ਰਾਜਧਾਮੰ।**

ਬਿਆਸ ਦੇ ਕਿਨਾਰੇ ਰਹਿੰਦਿਆਂ ਗੁਰੂ ਜੀ ਆਲੇ ਦੁਆਲੇ ਦੇ ਰਮਣੀਕ ਤੇ ਸੁੰਦਰ ਪਹਾੜੀ ਇਲਾਕੇ ਵਿਚ ਸੈਰ ਤੇ ਸ਼ਿਕਾਰ ਕਰਦੇ ਰਹੇ। ਪਹਾੜੀ ਰਾਜਿਆ ਨੇ ਉਹਨਾਂ ਨੂੰ ਆਪਣੀਆ ਰਾਜਧਾਨੀਆਂ

ਦਿਖਾਈਆਂ । ਬਿਆਸ ਦੇ ਇਕ ਸਹਾਇਕ ਨਾਲੇ ਦੇ ਕਿਨਾਰੇ ਗੁਰੂ ਜੀ ਨੇ ਬਾਘ ਦਾ ਸ਼ਿਕਾਰ ਕੀਤਾ । ਉਸ ਨਾਲੇ ਨੂੰ ਅੱਜ ਤੱਕ ਲੋਕ 'ਬਾਘ ਨਾਲਾ' ਕਹਿੰਦੇ ਹਨ । ਗੁਰੂ ਜੀ ਨਦੌਣ ਤੋਂ ਪੰਜ ਮੀਲ ਦੂਰ ਪਿੰਡ ਕੋਹਲਾ ਵਿਚ ਗਏ । ਉਥੇ ਜਾ ਕੇ ਜਿੱਤ ਦੀ ਖੁਸ਼ੀ ਵਿਚ ਫਤਿਹ ਦਾ ਤੀਰ ਛੱਡਿਆ । ਉਸ ਪਿੰਡ ਨੂੰ ਅੱਜ ਕਲ੍ਹ ਫਤਿਹਪੁਰ (ਕੋਹਲਾ) ਕਿਹਾ ਜਾਂਦਾ ਹੈ ।

ਦਰਿਆ ਬਿਆਸ ਦੇ ਕਿਨਾਰੇ ਜਿਥੇ ਗੁਰੂ ਜੀ ਦਾ ਤੰਬੂ ਸੀ, ਹੁਣ ਉਥੇ ਇਕ ਛੋਟਾ ਜਿਹਾ ਗੁਰਦੁਆਰਾ ਸੁਭਾਇਮਾਨ ਹੈ । ਇਥੋਂ ਦਰਿਆ ਦਾ ਦ੍ਰਿਸ਼ ਬੜਾ ਸਾਫ਼ ਤੇ ਸੁੰਦਰ ਹੈ । ਗੁਰਦੁਆਰੇ ਵੱਲੋਂ ਦਰਿਆ ਵਿਚ ਪੌੜੀਆਂ ਉਤਾਰ ਕੇ ਇਸ ਅਸਥਾਨ ਨੂੰ ਹੋਰ ਵੀ ਖੂਬਸੂਰਤ ਬਣਾਇਆ ਜਾ ਸਕਦਾ ਹੈ।

ਇਕ ਵਾਰ ਮੰਡੀ ਦਾ ਰਾਜਾ ਗੁਰੂ ਜੀ ਨੂੰ ਆਪਣੀ ਰਾਜਧਾਨੀ ਵਿਚ ਲੈ ਗਿਆ । ਮੰਡੀ ਦਾ ਸ਼ਹਿਰ ਵੀ ਦਰਿਆ ਬਿਆਸ ਦੇ ਕੰਢੇ ਤੇ ਸਥਿਤ ਹੈ । ਉਥੇ ਜਾ ਕੇ ਵੀ ਗੁਰੂ ਜੀ ਨੇ ਬਿਆਸ ਦੇ ਕਿਨਾਰੇ ਹੀ ਉਤਾਰਾ ਕੀਤਾ । ਇਥੇ ਵੀ ਅੱਜ ਕੱਲ੍ਹ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ ।

**ਗੋਦਾਵਰੀ** - ਆਪਣੀ ਉਮਰ ਦੇ ਆਖਰੀ ਡੇਢ੍ਹ ਦੋ ਮਹੀਨੇ ਗੁਰੂ ਜੀ ਨੇ ਦੱਖਣ ਵਿਚ ਗੋਦਾਵਰੀ ਨਦੀ ਦੇ ਕਿਨਾਰੇ ਬਤੀਤ ਕੀਤੇ । ਗੋਦਾਵਰੀ ਦੀ ਪ੍ਰਾਕ੍ਰਿਤਕ ਸੁੰਦਰਤਾ ਨੇ ਗੁਰੂ ਜੀ ਦਾ ਮਨ ਮੋਹ ਲਿਆ । ਗੁਰਦੁਆਰਾ ਸੰਗਤ ਸਾਹਿਬ ਵਾਲੇ ਅਸਥਾਨ ਤੇ ਉਨ੍ਹਾਂ ਨੇ ਤੰਬੂ ਗੱਡ ਦਿੱਤੇ । ਪਰ ਛੇਤੀ ਹੀ ਉਥੋਂ ਗੁਰਦੁਆਰਾ ਹਜ਼ੂਰ ਸਾਹਿਬ ਵਾਲੀ ਥਾਂ ਤੇ ਚਲੇ ਗਏ । ਨਗੀਨਾਂ ਘਾਟ ਤੇ ਗੁਰੂ ਜੀ ਹਰ ਰੋਜ਼ ਗੋਦਾਵਰੀ ਵਿਚ ਇਸ਼ਨਾਨ ਕਰਦੇ ਸਨ । ਹੀਰਾ ਘਾਟ ਤੋਂ ਇਕ ਮੀਲ ਦੂਰ ਮਾਤਾ ਸਾਹਿਬ ਕੌਰ ਜੀ ਦਾ ਡੇਰਾ ਸੀ । ਇਥੋਂ ਥੋੜ੍ਹੀ ਦੂਰ ਹੋਰ ਅੱਗੇ ਸ਼ਿਕਾਰ ਘਾਟ ਤੇ ਗੁਰੂ ਜੀ ਸੈਰ ਤੇ ਸ਼ਿਕਾਰ ਕਰਨ ਜਾਂਦੇ ਸਨ । ਹਜ਼ੂਰ ਸਾਹਿਬ ਦੇ ਨੇੜੇ ਹੀ ਬੰਦਾ ਘਾਟ ਦੇ ਸਥਾਨ ਤੇ ਮਾਧੋ-ਦਾਸ ਨੂੰ ਬੰਦਾ ਸਿੰਘ ਬਹਾਦਰ ਬਣਾਇਆ । ਗੋਦਾਵਰੀ ਦੇ ਆਰ ਪਾਰ ਤਕਰੀਬਨ ਦਸ ਮੀਲ ਦਾ ਇਲਾਕਾ ਗੁਰਬਾਣੀ ਦੇ ਕੀਰਤਨ ਤੇ ਸਿੰਘਾਂ ਦੇ ਜੈਕਾਰਿਆਂ ਨਾਲ ਗੂੰਜ ਉਠਿਆ ।

ਥੋੜੇ ਜਿਹੇ ਸਮੇਂ ਵਿਚ ਗੋਦਾਵਰੀ ਤੱਟ ਤੇ ਬੜੀਆਂ ਮਹੱਤਵਪੂਰਨ ਘਟਨਾਵਾਂ ਵਾਪਰੀਆਂ । ਕਈ ਵਾਰ ਬਾਦਸ਼ਾਹ ਬਹਾਦਰ ਸ਼ਾਹ, ਇਥੇ ਗੁਰੂ ਜੀ ਨੂੰ ਮਿਲਣ ਆਇਆ । ਬਹਾਦਰ ਸ਼ਾਹ ਤੇ ਇਕ ਹੋਰ ਸੌਦਾਗਰ ਵੱਲੋਂ ਭੇਟ ਕੀਤੇ ਹੀਰੇ, ਉਹਨਾਂ ਦੀ ਧਨਤਾ ਦਾ ਹੰਕਾਰ ਤੋੜਨ ਲਈ, ਗੁਰੂ ਜੀ ਨੇ ਗੋਦਾਵਰੀ ਵਿਚ ਵਗਾਹ ਮਾਰੇ । ਬੰਦਾ ਬਹਾਦਰ ਨੂੰ ਕੁੱਝ ਸਿੱਖਾਂ ਸਮੇਤ ਪੰਜਾਬ ਨੂੰ ਭੇਜਿਆ । ਗੋਦਾਵਰੀ ਦੀ ਜਲ ਧਾਰਾ ਦੇ ਨਾਲ-ਨਾਲ ਇਥੇ ਗੁਰਬਾਣੀ, ਉਪਦੇਸ਼ ਤੇ ਕੀਰਤਨ ਦੀ ਧਾਰਾ ਵੀ ਵਹਿਣ ਲੱਗ ਪਈ । ....... ਇਕ ਦਿਨ ਅਚਾਨਕ ਇਕ ਭਿਆਨਕ ਘਟਨਾ ਵਾਪਰ ਗਈ । ਇਕ ਪਠਾਨ ਨੇ ਗੁਰੂ ਜੀ ਦੇ ਪੇਟ ਵਿਚ ਛੁਰਾ ਮਾਰ ਦਿੱਤਾ । ਲਾਲ ਲਹੂ ਦੀ ਇਕ ਤੇਜ਼ ਧਾਰਾ ਵਹਿ ਤੁਰੀ । ਜ਼ਖਮ ਸੀਤਾ ਗਿਆ । ਹੌਲੀ ਹੌਲੀ ਗੁਰੂ ਜੀ ਠੀਕ ਹੋਣ ਲੱਗੇ । ਪਰ ਇਕ ਦਿਨ ਕਰੜੀ ਕਮਾਨ ਵਿਚੋਂ ਛੁੱਟਾ ਸੋਨ-ਮੁੱਖੀ ਤੀਰ ਅਸਮਾਨ ਦੀ ਹਿੱਕ ਨੂੰ ਚੀਰ ਗਿਆ ਅਤੇ ਉਸ ਇਲਾਹੀ ਤੀਰ-ਅੰਦਾਜ਼ ਦਾ ਇਹ ਆਖਰੀ ਨਿਸ਼ਾਨਾ ਸਿੱਧ ਹੋਇਆ । ਜ਼ੋਰ ਨਾਲ ਕਮਾਨ ਖਿੱਚਣ ਕਾਰਨ ਜ਼ਖਮ ਖੁੱਲ੍ਹ ਗਿਆ । ਵਗਦੇ ਪਾਣੀਆਂ ਦਾ ਆਸ਼ਕ ਗੁਰੂ ਗੋਬਿੰਦ ਸਿੰਘ, ਹਰ ਪਲ ਆਪਣੀ ਮੰਜ਼ਿਲ ਵੱਲ ਵਧਦੇ ਦਰਿਆਵਾਂ ਦਾ ਦੋਸਤ, ਦਸਮੇਸ਼ ਗੁਰੂ, ਅਨੇਕਾਂ ਕ੍ਰਾਂਤੀਆਂ ਨੂੰ ਜਨਮ ਦੇ ਕੇ ਸ਼ਾਂਤ ਹੋ ਗਿਆ । ਪਟਨੇ ਤੋਂ ਹੀ ਪਾਣੀਆਂ ਨਾਲ ਪਾਈ ਉਸ ਦੀ ਪ੍ਰੀਤ ਤੋੜ ਨਿਭੀ । ਗੰਗਾ ਦਾ ਜਾਇਆ, ਸਤਲੁਜ ਦਾ ਪਰਵਾਨ ਚੜ੍ਹਾਇਆ, ਅੰਤ ਗੋਦਾਵਰੀ ਦੀ ਗੋਦ ਵਿਚ ਆ ਸਮਾਇਆ ।

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥

★★★

ਬਰਸੀ ਤੇ ਵਿਸ਼ੇਸ਼

### ਸੇਵਾ ਤੇ ਸਿਮਰਨ ਦੇ ਪੁੰਜ

# ਮਹੰਤ ਭਾਈ ਆਸਾ ਸਿੰਘ ਜੀ

*-ਕਾਹਨ ਸਿੰਘ 'ਸੇਵਾ ਪੰਥੀ'*

ਮਹੰਤ ਭਾਈ ਆਸਾ ਸਿੰਘ ਜੀ ਮਹਾਨ ਤਪੱਸਵੀ, ਭਜਨ ਦੀ ਮੂਰਤ, ਗੁਰਬਾਣੀ ਦੇ ਪਿਆਰੇ ਤੇ ਸੇਵਾ ਦੇ ਪੁੰਜ ਹੋਏ ਹਨ। ਇਨ੍ਹਾਂ ਦਾ ਜਨਮ 9 ਦਸੰਬਰ 1893 ਈ: ਨੂੰ ਪਿੰਡ ਫ਼ਾਜ਼ਲ ਜ਼ਿਲ੍ਹਾ ਮੀਆਂਵਾਲੀ (ਪਾਕਿਸਤਾਨ) ਵਿੱਚ ਪਿਤਾ ਭਾਈ ਨਿਧਾਨ ਸਿੰਘ ਜੀ ਤੇ ਮਾਤਾ ਟਹਿਲ ਕੌਰ ਜੀ ਦੇ ਘਰ ਹੋਇਆ। ਆਪ ਜੀ ਬਚਪਨ ਵਿੱਚ ਹੀ ਪਿਤਾ ਜੀ ਨਾਲ ਊਠਾਂ, ਬਲਦਾਂ ਦਾ ਵਪਾਰ ਕਰਦੇ ਰਹੇ। ਪਿੰਡ ਨਵਾਂ ਜੰਡਾਂਵਾਲਾ ਵਿੱਚ ਦੁਕਾਨਦਾਰੀ ਵੀ ਕੀਤੀ। ਬਚਪਨ ਵਿੱਚ ਹੀ ਇਨ੍ਹਾਂ ਨੇ ਗੁਰਬਾਣੀ ਦਾ ਪਾਠ ਮਾਤਾ-ਪਿਤਾ ਜੀ ਪਾਸੋਂ ਕੰਠ ਕਰ ਲਿਆ ਸੀ। ਕੰਮ-ਕਾਰ ਕਰਦੇ ਹੋਏ ਸਵੇਰ-ਸ਼ਾਮ ਬਾਣੀ ਦਾ ਨਿੱਤਨੇਮ ਕਰਦੇ। ਦੁਨਿਆਵੀ ਕੰਮਾਂ ਵਿੱਚ ਰੁਚੀ ਨਾ ਰੱਖਦੇ, ਇਸ ਲਈ ਕਈ ਵਾਰ ਘਾਟਾ ਵੀ ਪੈ ਜਾਂਦਾ। ਇਕ ਵਾਰ ਪੂਜ ਮਹੰਤ ਭਾਈ ਤੀਰਥ ਸਿੰਘ ਜੀ ਨੇ ਭਾਈ ਆਸਾ ਸਿੰਘ ਜੀ ਦੇ ਜੀਵਨ ਦੀ ਘਟਨਾ ਸੁਣਾਈ ਕਿ ਇਕ ਵਾਰ ਭਾਈ ਆਸਾ ਸਿੰਘ ਜੀ ਵਪਾਰ ਕਰਨ ਲਈ ਕਲੂਰਕੋਟ ਜਾ ਰਹੇ ਸਨ ਤੇ ਉਨ੍ਹਾਂ ਪਾਸੋਂ ਪੌਣੇ ਚਾਰ ਸੌ ਰੁਪਏ ਡਿੱਗ ਪਏ। ਘਰ ਪਹੁੰਚੇ ਤਾਂ ਪਿਤਾ ਜੀ ਇਨ੍ਹਾਂ ਨਾਲ ਬਹੁਤ ਗੁੱਸੇ ਹੋਏ। ਉਸ ਵੇਲੇ ਭਾਈ ਆਸਾ ਸਿੰਘ ਜੀ ਦੀ ਉਮਰ 25 ਕੁ ਸਾਲ ਦੀ ਸੀ।

ਪਿਤਾ ਜੀ, ਇਨ੍ਹਾਂ ਦੀ ਕੰਮ ਵਿੱਚ ਰੁਚੀ ਨਾ ਲੱਗਦੀ ਦੇਖ ਕੇ, ਭਾਈ ਆਸਾ ਸਿੰਘ ਜੀ ਨੂੰ ਨਾਲ ਲੈ ਕੇ, ਨੂਰਪੁਰ ਮਹੰਤ ਭਾਈ ਗੁਲਾਬ ਸਿੰਘ ਜੀ ਪਾਸ ਲੈ ਆਏ ਤੇ ਬੇਨਤੀ ਕੀਤੀ ਕਿ ਭਾਈ ਆਸਾ ਸਿੰਘ ਜੀ ਘਰ ਦੇ ਕੰਮ ਵਿੱਚ ਧਿਆਨ ਨਹੀਂ ਦਿੰਦੇ ਤੇ ਹਰ ਵੇਲੇ ਗੁਰਬਾਣੀ ਪੜ੍ਹਨ ਵੱਲ ਹੀ ਧਿਆਨ ਰਹਿੰਦਾ ਹੈ। ਇਹ ਗੱਲ ਸੁਣ ਕੇ ਮਹੰਤ ਭਾਈ ਗੁਲਾਬ ਸਿੰਘ ਜੀ ਕਹਿਣ ਲੱਗੇ, "ਇਹ ਬੱਚਾ ਤੁਹਾਡੇ ਕੰਮ ਦਾ ਨਹੀਂ ਹੈ, ਸਾਨੂੰ ਦੇ ਦਿਉ। ਇਹ ਸਤਿਸੰਗ ਕਰੇਗਾ, ਮਹਾਨ ਤੇਜੱਸਵੀ ਬਣੇਗਾ ਤੇ ਗੁਰੂ ਘਰ ਵਿੱਚ ਸੇਵਾ ਦੇ ਕਾਰਜ ਕਰਕੇ ਜਨਮ ਸਫ਼ਲ ਬਣਾਏਗਾ। ਇਨ੍ਹਾਂ ਦੇ ਸੇਵਾ ਸਿਮਰਨ ਦੇ ਸਦਕਾ ਤੁਹਾਡਾ ਨਾਂ ਵੀ ਰੌਸ਼ਨ ਹੋਵੇਗਾ।"

ਮਹੰਤ ਸਾਹਿਬ ਜੀ ਦੇ ਇਸ ਤਰ੍ਹਾਂ ਦੇ ਬਚਨ ਸੁਣ ਕੇ ਭਾਈ ਨਿਧਾਨ ਸਿੰਘ ਜੀ ਨੇ ਭਾਈ ਆਸਾ ਸਿੰਘ ਜੀ ਨੂੰ ਨੂਰਪੁਰ ਸੰਤ-ਮੰਡਲੀ ਵਿੱਚ ਅਰਪਣ ਕਰ ਦਿੱਤਾ ਤੇ ਆਪ ਵਾਪਸ ਘਰ ਆ ਗਏ। ਇਸ ਤਰ੍ਹਾਂ ਭਾਈ ਆਸਾ ਸਿੰਘ ਜੀ ਨੂਰਪੁਰ ਸਤਿਸੰਗ ਵਿੱਚ ਆਏ। ਆਪ ਟਿਕਾਣੇ ਵਿੱਚ ਸੇਵਾ ਦੇ ਕਾਰਜ ਬਹੁਤ ਪ੍ਰੇਮ ਦੇ ਨਾਲ ਕਰਦੇ ਤੇ ਗੁਰਬਾਣੀ ਹੋਰ ਵੀ ਕੰਠ ਕਰ ਲਈ ਤੇ ਰੋਜ਼ਾਨਾ ਨੇਮ ਨਾਲ ਪਾਠ ਕਰਦੇ। ਕੁਝ ਸਮੇਂ ਤੋਂ ਬਾਅਦ ਮਹਾਰਾਜ ਜੀ ਦੀ ਆਗਿਆ ਅਨੁਸਾਰ ਆਪ ਜੀ ਨੇ ਮਿੱਠਾ ਟਿਵਾਣਾ ਸੰਤਾਂ ਦੇ ਡੇਰੇ, ਸੰਤ ਵਜੀਰ ਸਿੰਘ ਜੀ ਪਾਸ ਕੀਰਤਨ ਦੀ ਸਿੱਖਿਆ ਪ੍ਰਾਪਤ ਕੀਤੀ ਉਪਰੰਤ ਅੰਮ੍ਰਿਤਸਰ ਭਾਈ ਮਨੀ ਸਿੰਘ ਜੀ ਦੀ ਚਲਾਈ ਟਕਸਾਲ ਵਿੱਚ, ਗਿਆਨੀ ਅਮੀਰ ਸਿੰਘ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਪੜ੍ਹੀ ਤੇ ਹੋਰ ਵੀ ਧਾਰਮਿਕ ਗ੍ਰੰਥ ਸਾਰਕੁਤਾਵਲੀ, ਵਿਚਾਰ ਮਾਲਾ, ਭਾਈ ਗੁਰਦਾਸ ਦੀਆਂ ਵਾਰਾਂ, ਕਬਿੱਤ ਆਦਿ ਦਾ ਅਰਥ-ਬੋਧ ਪ੍ਰਾਪਤ ਕੀਤਾ। ਤਕਰੀਬਨ 1927 ਤੱਕ ਧਾਰਮਿਕ ਵਿੱਦਿਆ ਵਿੱਚ ਕਾਫ਼ੀ ਵਾਧਾ ਕਰ ਲਿਆ, ਫਿਰ ਆਪ ਨੂਰਪੁਰ ਡੇਰੇ ਵਿੱਚ ਹਰ

ਪ੍ਰਕਾਰ ਦੀ ਸੇਵਾ ਕਰਦੇ, ਗੁਰਮਤਿ ਦੀ ਸ੍ਰੇਸ਼ਟ ਰਹਿਣੀ ਦੇ ਮਾਲਕ ਸਨ। ਅੰਮ੍ਰਿਤ ਵੇਲੇ ਉਠੱ ਕੇ ਇਸ਼ਨਾਨ ਕਰਨ ਅਤੇ ਨਾਮ ਦਾ ਜਾਪ ਕਰਨ ਦਾ ਆਪ ਜੀ ਦਾ ਪੱਕਾ ਨੇਮ ਸੀ।

ਕੀਰਤਨ ਆਪ ਜੀ ਦੀ ਰੂਹਾਨੀ ਖ਼ੁਰਾਕ ਸੀ। ਸਵੇਰੇ ਆਸਾ ਦੀ ਵਾਰ ਦਾ ਕੀਰਤਨ ਅਤੇ ਰਾਤ ਨੂੰ ਆਰਤੀ ਤੇ ਸਬਦ ਕੀਰਤਨ ਕਰਨਾ, ਆਪ ਮਹਾਨ ਤਪੱਸਵੀ ਹੋਏ ਹਨ। ਰਾਤ ਨੂੰ ਖੂਹ ਦੀ ਝਲਾਰ ਤੇ ਬੈਠ ਕੇ ਭਜਨ ਕਰਨਾ ਤਾਂ ਕਿ ਨੀਂਦ ਨਾ ਆਵੇ। ਭੋਜਨ ਵੀ ਥੋੜ੍ਹਾ ਖਾਣਾ, ਨੀਂਦ ਥੋੜ੍ਹੀ ਕਰਨੀ। ਆਪ ਜੀ ਨੇ 40 ਦਿਨਾਂ ਵਿੱਚ ਸਵਾ ਲੱਖ ਮੂਲ-ਮੰਤਰ ਦਾ ਪਾਠ ਕੀਤਾ। ਇਸ ਤਰ੍ਹਾਂ ਸਬਦ ਅਭਿਆਸ, ਚਲੀਹੇ ਕਰਦਿਆਂ ਕਈ ਦੁੱਖ ਕੱਟੇ।

ਆਪ ਦੇ ਜੀਵਨ ਦਾ ਮੁੱਖ ਮਨੋਰਥ ਪ੍ਰਭੂ ਦਾ ਸਿਮਰਨ ਕਰਨਾ ਹੀ ਸੀ। ਆਪ ਲੋਕਾਂ ਨਾਲ ਬਹੁਤੀ ਗੱਲਬਾਤ ਨਾ ਕਰਦੇ। ਸ੍ਰੀ ਗੁਰੂ ਅਮਰਦਾਸ ਜੀ ਦੇ ਕਥਨ ਅਨੁਸਾਰ ਆਪ **ਲਬੁ ਲੋਭੁ ਅਹੰਕਾਰ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ** ਦੇ ਪੂਰਨਿਆਂ ਤੇ ਚੱਲਦੇ, ਆਪ ਨੇ 1931 ਵਿੱਚ ਸੱਚ-ਖੰਡ ਸ੍ਰੀ ਹਜ਼ੂਰ ਸਾਹਿਬ ਵਿੱਚ ਜਾ ਕੇ ਖੰਡੇ-ਬਾਟੇ ਦਾ ਅੰਮ੍ਰਿਤਪਾਨ ਕੀਤਾ। ਗੁਰਮਤਿ ਦੀਆਂ ਰਹਿਤਾਂ ਵਿੱਚ ਹੋਰ ਵੀ ਪਰਪੱਕ ਹੋ ਗਏ।

1947 ਵਿੱਚ ਹਿੰਦ-ਪਾਕਿ ਦੀ ਵੰਡ ਸਮੇਂ ਹਿੰਦੂ-ਮੁਸਲਮਾਨਾਂ ਵਿੱਚ ਭਾਰੀ ਵਿਰੋਧ ਹੋਇਆ। ਬੰਦਿਆਂ ਦੀ ਕਟਾ-ਵੱਢੀ ਹੋਣ ਲੱਗੀ। ਉਸ ਸਮੇਂ ਨੂਰਪੁਰ ਇਲਾਕੇ ਦੇ ਹਿੰਦੂ-ਸਿੱਖ ਆਪਣੀਆਂ ਜਾਨਾਂ ਬਚਾਉਣ ਲਈ ਟਿਕਾਣੇ ਤੇ ਆ ਇਕੱਠੇ ਹੋਏ। ਟਿਕਾਣੇ ਦਾ ਅਸਥਾਨ ਇੰਨ੍ਹਾ ਵੱਡਾ ਸੀ ਕਿ ਪੰਜ ਹਜ਼ਾਰ ਪ੍ਰਾਣੀ ਪੌਣੇ ਦੋ ਮਹੀਨੇ ਟਿਕਾਣੇ ਦੇ ਅੰਦਰ ਬਹੁਤ ਹੀ ਸੌਖੇ ਰਹੇ, ਬੇਅੰਤ ਅਨਾਜ ਸੀ, ਖੁੱਲ੍ਹੇ ਲੰਗਰ ਵਰਤੇ **ਤੋਟਿ ਨ ਆਵੈ ਵਧਦੋ ਜਾਈ** ਵਾਲੀ ਗੱਲ ਹੋ ਗਈ। ਮਹੰਤ ਭਾਈ ਗੁਲਾਬ ਸਿੰਘ ਜੀ ਵਾਹਿਗੁਰੂ ਦੀ ਕਿਰਪਾ ਸਦਕਾ ਪੰਜ ਹਜ਼ਾਰ ਪ੍ਰਾਣੀਆਂ ਨੂੰ ਸਹੀ ਸਲਾਮਤ ਨੂਰਪੁਰ ਤੋਂ ਸਰਗੋਧੇ ਕੈਂਪ 5-6 ਦਿਨ ਰਹਿਣ ਤੋਂ ਬਾਅਦ ਅੰਮ੍ਰਿਤਸਰ ਲੈ ਆਏ। ਟਿਕਾਣੇ ਦੇ ਬਹੁਤ ਸਾਰੇ ਸਾਧੂ ਮਹਾਤਮਾ ਤੇ ਭਾਈ ਆਸਾ ਸਿੰਘ ਜੀ ਵੀ ਨਾਲ ਸਨ। ਮਹੰਤ ਭਾਈ ਆਸਾ ਸਿੰਘ ਜੀ ਆਪ ਹੀ ਦੱਸਦੇ ਹੁੰਦੇ ਸਨ ਕਿ ਜਦੋਂ ਮਿਲਟਰੀ ਦੀਆਂ 25 ਲਾਰੀਆਂ ਨੂਰਪੁਰ ਦੇ ਆਦਮੀਆਂ ਨੂੰ ਲੈਣ ਆਈਆਂ ਤਾਂ ਮਹੰਤ ਭਾਈ ਗੁਲਾਬ ਸਿੰਘ ਜੀ ਨੇ ਕਿਹਾ ਕਿ ਪਹਿਲਾਂ ਸਭ ਸੰਗਤਾਂ ਜਾਣਗੀਆਂ, ਅਸੀਂ ਸਭ ਤੋਂ ਪਿੱਛੋਂ ਆਵਾਂਗੇ। ਸਭ ਸੰਗਤਾਂ ਨੂੰ ਪਹਿਲਾਂ ਭੇਜ ਕੇ, ਆਪ ਸਭ ਤੋਂ ਪਿਛਲੀ ਗੱਡੀ ਵਿੱਚ ਸਵਾਰ ਹੋਏ ਤੇ ਇਕ ਟਰੱਕ ਵਿੱਚ 60 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਬੜੇ ਸਤਿਕਾਰ ਨਾਲ ਰੱਖੀਆਂ। ਦੋ ਸੁਨਹਿਰੀ ਚੰਦੋਏ, ਦੋ ਵੱਡੀਆਂ ਫੋਟੋਆਂ, ਇਕ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਤੇ ਦੂਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ, ਨਾਲ ਲੈ ਕੇ ਆਏ। ਹੋਰ ਸਾਰਾ ਸਮਾਨ ਉਥੇ ਛੱਡ ਆਏ।

ਅੰਮ੍ਰਿਤਸਰ ਪੁੱਜ ਕੇ ਮਿੱਠੇ ਟਿਵਾਣੇ ਵਾਲੇ ਸੰਤ ਬਾਬਾ ਜਵਾਹਰ ਸਿੰਘ ਜੀ ਡੇਰੇ ਤੇ ਕੁੱਝ ਸਮਾਂ ਰਹੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਲੋੜ ਅਨੁਸਾਰ ਵੰਡ ਦਿੱਤੀਆਂ। ਫਿਰ ਅੰਨ-ਜਲ ਦੇ ਅਨੁਸਾਰ ਅੰਮ੍ਰਿਤਸਰ ਤੋਂ ਅੰਬਾਲੇ ਦੇ ਪਿੰਡ ਮਹਿਮੂਦਪੁਰ, ਸਰਬ ਸੰਤ-ਮੰਡਲੀ ਨੂੰ ਜਾ ਕੇ ਰਹਿਣਾ ਪਿਆ। 1948 ਵਿੱਚ ਬਾਬਾ ਜਗਤਾ ਸਾਹਿਬ ਜੀ ਦਾ ਇਕ ਸਾਲਾਨਾ ਯੱਗ-ਸਮਾਗਮ ਵੀ ਉਥੇ ਮਹਿਮੂਦਪੁਰ ਹੀ ਕੀਤਾ। ਭਾਈ ਪ੍ਰੇਮ ਸਿੰਘ, ਚੈਂਚਲ ਸਿੰਘ ਦਾ ਪਰਿਵਾਰ ਆਪਣੇ ਘਰ ਵਿੱਚ ਅਖੰਡ-ਪਾਠਾਂ ਦੇ ਪ੍ਰੋਗਰਾਮ ਕਰਵਾਉਣ ਲਈ ਮਹੰਤ ਭਾਈ ਗੁਲਾਬ ਸਿੰਘ ਜੀ ਨੂੰ ਸੰਤ

ਮੰਡਲੀ ਸਹਿਤ, ਗੋਨਿਆਣਾ ਮੰਡੀ ਲੈ ਆਇਆ। ਇਥੇ ਪ੍ਰੇਮ ਸਿੰਘ ਦੇ ਪਰਿਵਾਰ ਨੇ ਆਪਣੇ ਘਰ ਤਿੰਨ ਸ੍ਰੀ ਅਖੰਡ-ਪਾਠ ਕਰਵਾਏ। 12-13 ਦਿਨ ਸਤਿਸੰਗ ਦਾ ਪ੍ਰਵਾਹ ਚੱਲਦਾ ਰਿਹਾ। ਭਾਈ ਪ੍ਰੇਮ ਸਿੰਘ ਦੇ ਪਰਿਵਾਰ ਨੇ ਬਹੁਤ ਸੇਵਾ ਕੀਤੀ।

ਸਤਿਸੰਗ ਦੇ ਪ੍ਰੇਮ ਨੂੰ ਵੇਖ ਕੇ ਫਿਰ ਕੁਝ ਸਮਾਂ ਰੇਲਵੇ ਫਾਟਕ ਦੇ ਨੇੜੇ ਗੁਰਦੁਆਰਾ ਭਾਈ ਕਾਲਾ ਸਿੰਘ ਵਿੱਚ ਰਹੇ। ਸਵੇਰੇ-ਸ਼ਾਮ ਸੰਗਤ ਬਹੁਤ ਜੁੜਿਆ ਕਰਦੀ। ਪਾਣੀ ਦੀ ਥੁੜ੍ਹ ਨੂੰ ਵੇਖ ਕੇ ਸਾਰੇ ਸ਼ਹਿਰ ਦੇ ਲਈ ਇਕ ਡਿੱਗੀ ਦੀ ਖੁਦਾਈ ਸ਼ੁਰੂ ਕੀਤੀ ਜਿਸ ਵਿੱਚ ਨਹਿਰ ਦਾ ਪਾਣੀ ਭਰ ਲਿਆ ਜਾਵੇ ਅਤੇ ਸਾਰੇ ਨਗਰਵਾਸੀ ਇਥੋਂ ਪਾਣੀ ਲੈ ਸਕਣ। ਮਹੰਤ ਸਾਹਿਬ ਜੀ ਦੀ ਪ੍ਰੇਰਣਾ ਨਾਲ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਸੇਵਾ ਕੀਤੀ।

ਗੋਨਿਆਣਾ ਮੰਡੀ ਦੀਆਂ ਸੰਗਤਾਂ ਨੇ ਪੂਜ ਮਹੰਤ ਭਾਈ ਗੁਲਾਬ ਸਿੰਘ ਜੀ ਨੂੰ ਗੋਨਿਆਣਾ ਮੰਡੀ ਵਿਖੇ ਹੀ ਟਿਕਾਣਾ ਬਨਾਉਣ ਲਈ ਬੇਨਤੀ ਕੀਤੀ ਤੇ ਭਾਈ ਆਸਾ ਸਿੰਘ ਨੇ ਵੀ ਮਹੰਤ ਭਾਈ ਗੁਲਾਬ ਸਿੰਘ ਜੀ ਨੂੰ ਕਿਹਾ ਕਿ ਮਲੋਟ ਮੰਡੀ ਤੇ ਕੋਟਕਪੂਰਾ ਆਦਿ ਮੰਡੀਆਂ ਦੇ ਇਹ ਥਾਂ ਵਿਚਕਾਰ ਹੈ। ਗੱਡੀਆਂ ਅਤੇ ਬੱਸਾਂ ਦਾ ਸਾਧਨ ਵੀ ਆਮ ਹੈ, ਸੋ ਗੋਨਿਆਣਾ ਮੰਡੀ ਵਿੱਚ ਹੀ ਸਤਿਸੰਗ ਲਈ ਟਿਕਾਣਾ ਬਨਾਉਣਾ ਠੀਕ ਰਹੇਗਾ ਤੇ ਨਾਲ ਹੀ ਇਸ ਇਲਾਕੇ ਵਿੱਚ ਗੁਰਮਤਿ ਦੇ ਪ੍ਰਚਾਰ ਕਰਨ ਦੀ ਬਹੁਤ ਭਾਰੀ ਲੋੜ ਹੈ ਤਾਂ ਮਹੰਤ ਭਾਈ ਗੁਲਾਬ ਸਿੰਘ ਜੀ ਨੇ ਸੰਗਤ ਦੀ ਬੇਨਤੀ ਤੇ ਭਾਈ ਆਸਾ ਸਿੰਘ ਜੀ ਦੇ ਦ੍ਰਿੜ੍ਹ ਇਰਾਦੇ ਨੂੰ ਵੇਖ, ਸੁਣ ਕੇ ਕਿਹਾ ਕਿ ਜੇ ਤੁਸੀਂ ਗੁਰਮਤਿ ਅਸਥਾਨ ਬਣਾਉਣਾ ਚਾਹੁੰਦੇ ਹੋ ਤਾਂ ਥਾਂ ਦੀ ਭਾਲ ਕਰੋ। ਭਾਈ ਪ੍ਰੇਮ ਸਿੰਘ ਦੇ ਪਰਿਵਾਰ ਨੇ ਦਸਵੰਧ ਤੇ ਮੰਨਤ ਦੀ ਕੁਝ ਰਕਮ ਭੇਟ ਕੀਤੀ। ਭਾਈ ਹੁਕਮ ਸਿੰਘ ਪਾਸੋਂ ਜਗ੍ਹਾ ਖ਼ਰੀਦੀ। ਜਿੱਥੇ ਕੱਚੇ ਕਮਰੇ ਬਣੇ ਹੋਏ ਸਨ ਤੇ ਵਿਚਕਾਰ ਡਿਉਢੀ ਸੀ। ਉਨ੍ਹਾਂ ਬਣੇ ਹੋਏ ਕਮਰਿਆਂ ਦੇ ਉਪਰ ਹੀ ਸਤਿਸੰਗ ਵਾਸਤੇ ਹਾਲ ਦੀ ਉਸਾਰੀ ਸ਼ੁਰੂ ਕਰਵਾਈ। ਭਾਈ ਆਸਾ ਸਿੰਘ ਜੀ ਮਿਸਤਰੀ ਮਜ਼ਦੂਰਾਂ ਨਾਲ ਖ਼ੁਦ ਮਿਲ ਕੇ ਉਸਾਰੀ ਦੇ ਕੰਮ 'ਚ ਲੱਗੇ ਰਹਿੰਦੇ। ਗੁਰਦੁਆਰੇ ਦੀ ਉਸਾਰੀ ਹੁੰਦੀ ਦੇਖ ਕੇ ਇਲਾਕੇ ਦੀਆਂ ਸੰਗਤਾਂ ਬਹੁਤ ਖੁਸ਼ ਹੋਈਆਂ ਤੇ ਉਨ੍ਹਾਂ ਨੇ ਤਨ ਮਨ ਤੇ ਧਨ ਨਾਲ ਸੇਵਾ ਕਰਕੇ ਗੁਰੂ ਘਰ ਦੀਆਂ ਬਖ਼ਸ਼ਿਸ਼ਾਂ ਪ੍ਰਾਪਤ ਕੀਤੀਆਂ।

ਇਨ੍ਹਾਂ ਦਿਨਾਂ ਵਿੱਚ ਹੀ ਮਲੋਟ ਮੰਡੀ ਦੀਆਂ ਸੰਗਤਾਂ, ਗੁਰਸਿੱਖ ਪ੍ਰੇਮੀ ਬੜੇ ਪ੍ਰੇਮ ਨਾਲ ਮਹੰਤ ਭਾਈ ਗੁਲਾਬ ਸਿੰਘ ਜੀ ਨੂੰ ਮਲੋਟ ਲੈ ਗਏ। ਉਥੇ ਰਹਿ ਕੇ ਕਾਫ਼ੀ ਸਮਾਂ ਸਤਿਸੰਗ ਦਾ ਪ੍ਰਵਾਹ ਚਲਾਇਆ। ਜਨਵਰੀ 1949 ਵਿੱਚ ਬਾਬਾ ਜਗਤਾ ਸਾਹਿਬ ਜੀ ਦਾ ਸਾਲਾਨਾ ਯੱਗ-ਸਮਾਗਮ ਮਲੋਟ ਮੰਡੀ ਵਿੱਚ ਹੀ ਕੀਤਾ। ਉਥੋਂ ਦੀਆਂ ਸੰਗਤਾਂ ਨੇ ਬਹੁਤ ਪ੍ਰੇਮ ਨਾਲ ਸੇਵਾ ਕੀਤੀ ਫਿਰ ਮਹੰਤ ਭਾਈ ਗੁਲਾਬ ਸਿੰਘ ਜੀ ਗੋਨਿਆਣਾ ਮੰਡੀ ਆਏ। ਇਸੇ ਸਮੇਂ ਗੋਨਿਆਣਾ ਮੰਡੀ ਵਿੱਚ ਛੋਟਾ ਦਰਬਾਰ ਹਾਲ ਬਣ ਚੁੱਕਾ ਸੀ। ਸਤਿਸੰਗ ਦਾ ਪ੍ਰਵਾਹੀ ਬਹੁਤ ਸੋਹਣਾ ਚੱਲ ਰਿਹਾ ਸੀ। ਮਹੰਤ ਭਾਈ ਗੁਲਾਬ ਸਿੰਘ ਜੀ ਅੰਮ੍ਰਿਤਸਰ ਵੈਸਾਖੀ ਦਾ ਇਸ਼ਨਾਨ ਕਰਨ ਲਈ ਗਏ ਉਥੇ ਸ੍ਰੀਮਾਨ ਮਹੰਤ ਜਵਾਹਰ ਸਿੰਘ ਜੀ ਦੇ ਟਿਕਾਣੇ ਤੇ ਟਿਕੇ। ਉਥੇ ਰਹਿੰਦਿਆਂ ਸਰੀਰ ਨੂੰ ਕੁਝ ਤਕਲੀਫ ਹੋਈ। ਅੰਤ 20 ਅਪ੍ਰੈਲ 1950 ਈ: ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾ ਵਿੱਚ ਲੀਨ ਹੋ ਗਏ।

ਉਪਰੰਤ ਸੇਵਾ ਪੰਥੀ ਸੰਪਰਦਾਇ ਦੇ ਮਹਾਪੁਰਖਾਂ ਤੇ ਸਮੂਹ ਸੰਗਤਾਂ ਨੇ ਮਿਲ ਕੇ ਗੋਨਿਆਣਾ

ਮੰਡੀ ਵਿੱਚ ਡੇਰੇ ਦੀ ਸੇਵਾ, ਮਹੰਤ ਭਾਈ ਆਸਾ ਸਿੰਘ ਜੀ ਨੂੰ ਸੌਂਪੀ। ਸੰਤ ਭਾਈ ਹਰੀ ਸਿੰਘ ਜੀ ਨੂੰ ਜ਼ਮੀਨਾਂ ਦੇ ਪ੍ਰਬੰਧ ਤੇ ਹੋਰ ਸੇਵਾ ਲਈ ਵਜ਼ੀਰ ਦੀ ਪਦਵੀ ਬਖ਼ਸ਼ੀ। ਸ੍ਰੀਮਾਨ ਮਹੰਤ ਭਾਈ ਆਸਾ ਸਿੰਘ ਜੀ ਨੇ ਡੇਰੇ ਵਿੱਚ ਸਤਿਸੰਗ ਲਈ 2 ਅੱਸੂ, ਸੰਮਤ 2010 ਨੂੰ ਦਰਬਾਰ ਹਾਲ ਦੀ ਨੀਂਹ ਰੱਖੀ ਜੋ ਬੜੀਆਂ ਕਠਿਨ ਘਾਲਣਾਵਾਂ ਨਾਲ ਕਈ ਸਾਲਾਂ ਵਿੱਚ ਪੂਰੀ ਕੀਤੀ। ਇਸ ਲਈ ਕਿਸੇ ਪਾਸ ਅਪੀਲ ਨਹੀਂ ਕੀਤੀ।

ਸੋ ਦਰਬਾਰ ਸਾਹਿਬ ਇਸ ਵੇਲੇ ਸੁੰਦਰ ਸ਼ੋਭਾ ਪਾ ਰਿਹਾ ਹੈ। ਹਜ਼ਾਰਾਂ ਮਨੁੱਖ ਸਤਿਸੰਗ ਦਾ ਅਨੰਦ ਮਾਣਦੇ ਹਨ **ਸੇਵਕ ਕਉ ਸੇਵਾ ਬਨਿ ਆਈ** ਦੇ ਧਾਰਨੀ ਹੋਣ ਕਾਰਣ ਇਲਾਕੇ ਦੀ ਲੋੜ ਮਹਿਸੂਸ ਕੀਤੀ, ਧਰਮ ਦਾ ਗਿਆਨ ਤੇ ਵਿੱਦਿਆ ਦਾ ਚਾਨਣ ਦੇਣ ਲਈ ਭਾਈ ਜਗਤਾ ਜੀ ਮਿਡਲ ਸਕੂਲ ਚਾਲੂ ਕੀਤਾ। ਇਲਾਕੇ ਦੇ ਭਲੇ ਲਈ ਕਾਲਜ ਦੀ ਸਥਾਪਨਾ ਵੀ ਆਪਣੇ ਹੱਥਾਂ ਨਾਲ ਕੀਤੀ। ਆਪ ਜੀ ਪੂਰਨ ਪ੍ਰਤਾਪੀ, ਜਪ, ਤਪ, ਸਤ ਵਿੱਚ ਬਚਨਾਂ ਦੇ ਪੂਰੇ, ਗਿਆਨਵਾਨ ਤੇ ਪ੍ਰੇਮੀਆਂ ਨੂੰ ਸੱਚੇ ਮਾਰਗ ਤੇ ਚੱਲਣ ਦੀ ਪ੍ਰੇਰਣਾ ਕਰਦੇ ਸਨ। ਜਿਵੇਂ ਆਪਣੇ ਪ੍ਰਭੂ ਦਾ ਸਿਮਰਨ ਕਰਨਾ ਤੇ ਵੰਡ ਛਕਣ ਲਈ ਆਖਦੇ ਹਨ। ਦੇਖੋ ਭਾਈ! ਸੀਹੇਂ ਨੂੰ ਗੁਰੂ ਅੰਗਦ ਦੇਵ ਜੀ ਨੇ ਬੱਕਰੇ ਵੱਢਣ ਤੋਂ ਰੋਕਿਆ ਸੀ ਤੇ ਬੱਚੇ ਦੀ ਖੁਸ਼ੀ ਮਨਾਉਣ ਸਮੇਂ ਬਰਾਦਰੀ ਵਿੱਚ ਸਾਦਾ ਭੋਜਨ ਵਰਤਾਇਆ ਸੀ, ਸੋ ਇਸ ਤਰ੍ਹਾਂ ਦੇ ਪ੍ਰਮਾਣ ਦੇ ਕੇ ਜੀਵਾਂ ਨੂੰ ਚੰਗੇ ਰਾਹ ਪਾਉਂਦੇ।

ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤ ਲੋਨੁ ॥
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥੧੮੮॥

(ਪੰਨਾ ੧੩੭੪)

ਆਪ ਜੀ ਨੇ ਸਤਿਸੰਗ ਦਾ ਪ੍ਰਵਾਹ ਚਲਾਇਆ, ਨਿਤਾਪ੍ਰਤੀ ਨੇਮ ਨਾਲ ਸਤਿਸੰਗਤ ਵਿੱਚ ਬੈਠ ਕੇ ਕੀਰਤਨ ਸੁਣਦੇ ਹਨ। ਆਪ ਜੀ ਰਾਤ ਦੇ ਇਕ ਵਜੇ ਜਾਗਦੇ ਇਸ਼ਨਾਨ ਕਰਕੇ ਨਾਮ ਦਾ ਸਿਮਰਨ ਕਰਦੇ, ਤਿੰਨ ਵਜੇ ਜਪੁਜੀ ਸਾਹਿਬ ਆਦਿ ਬਾਣੀ ਦਾ ਪਾਠ ਕਰਦੇ, ਫਿਰ ਗੁਰੂ ਦਰਬਾਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ। ਆਪ ਜੀ ਸੰਗਤ ਵਿੱਖ ਬੈਠ ਕੇ ਰਾਗਮਈ ਢੰਗ ਨਾਲ ਸੁਖਮਨੀ ਸਾਹਿਬ ਦਾ ਪਾਠ ਕਰਦੇ ਉਪਰੰਤ ਆਸਾ ਦੀ ਵਾਰ ਦਾ ਕੀਰਤਨ ਹੁੰਦਾ। ਰੋਜ਼ਾਨਾ ਸ਼ਬਦ ਵਿਚਾਰ, ਗੁਰਬਾਣੀ ਦੀ ਕਥਾ ਹੁੰਦੀ। ਆਪ ਜੀ ਸਤਿਸੰਗ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿੱਚ ਅਡੋਲ ਬੈਠੇ ਰਹਿੰਦੇ ਸਨ। ਭਜਨ-ਬੰਦਗੀ ਕਰਨ ਵਾਲਿਆਂ ਨਾਲ ਬਹੁਤ ਪ੍ਰੇਮ ਕਰਦੇ ਸਨ। ਆਏ ਗਏ ਯਾਤਰੀਆਂ ਦੀ ਹੱਥੀਂ ਸੇਵਾ ਕਰਕੇ ਬੜੇ ਖੁਸ਼ ਹੁੰਦੇ ਸਨ। ਗ਼ਰੀਬਾਂ ਨੂੰ ਨਿਵਾਜਣਾ ਆਪ ਜੀ ਦਾ ਸੁਭਾਅ ਬਣ ਗਿਆ ਸੀ। ਹਰ ਇਕ ਦੁੱਖ-ਸੁੱਖ ਵਿੱਚ ਸ਼ਰੀਕ ਹੁੰਦੇ ਤੇ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਸਹਾਇਤਾ ਵੀ ਕਰਦੇ। ਕੋਈ ਵੀ ਆਪ ਜੀ ਦੇ ਦਰ ਤੋਂ ਖਾਲੀ ਨਾ ਜਾਂਦਾ। **ਗਉੜੀ ਬਾਵਨ ਅਖਰੀ** ਦਾ ਪਾਠ ਤੇ ਹੋਰ ਬਹੁਤ ਸਾਰੀ ਬਾਣੀ ਪੜ੍ਹਨੀ ਆਪ ਜੀ ਦਾ ਨਿੱਤ-ਨੇਮ ਸੀ। ਆਪ ਜੀ ਕੁਦਰਤ ਦੇ ਕੌਤਕਾਂ ਨੂੰ ਦੇਖ ਕੇ ਕਾਦਰ ਤੋਂ ਬਲਿਹਾਰ ਜਾਂਦੇ। ਜਦੋਂ ਵੀ ਆਕਾਸ਼ ਤੇ ਬੱਦਲਾਂ ਨੂੰ ਦੇਖਦੇ, ਖਾਲਾਂ ਵਿੱਚ ਚੱਲਦਾ ਪਾਣੀ ਦੇਖਦੇ ਤਾਂ ਆਖਦੇ, ਵਾਹ! ਪਰਮਾਤਮਾ ਤੇਰੇ ਰੰਗ।

ਆਪ ਜੀ ਦੇ ਸ਼ਰਧਾਲੂ, ਆਪ ਜੀ ਨੂੰ ਇਕ ਧਾਰਮਿਕ ਅਤੇ ਰੂਹਾਨੀ ਆਗੂ ਤੇ ਉਸਰੱਈਏ ਮੰਡੀ ਦੇ ਨਿਰਮਾਤਾ, ਮਿਹਰਾਂ ਦੇ ਦਾਤੇ, ਭਾਈ ਜਗਤਾ ਜੀ ਮਿਡਲ ਸਕੂਲ, ਗਰਲਜ਼ ਕਾਲਜ ਅਤੇ

ਗੁਰੂ ਨਾਨਕ ਲਾਇਬਰੇਰੀ ਦੇ ਸੰਸਥਾਪਕ ਹੋਣ ਕਾਰਨ ਦਿਲੀ ਪਿਆਰ ਅਤੇ ਸਤਿਕਾਰ ਦਿੰਦੇ ਹਨ।

**ਸੇਵਕ ਕਉ ਸੇਵਾ ਬਨਿ ਆਈ** ਆਦਰਸ਼ ਦੇ ਧਾਰਨੀ, ਸੇਵਾ ਦੇ ਪੁੰਜ, ਮਹਾਨ ਪਰਉਪਕਾਰੀ, ਨਾਮ ਬਾਣੀ ਦੇ ਰਸੀਏ, ਸਾਦਗੀ ਤੇ ਸਰਲਤਾ ਦੇ ਅਵਤਾਰ, ਪੂਰਨ ਪੁਰਖ ਮਹੰਤ ਆਸਾ ਸਿੰਘ ਜੀ ਦਸਮੇਸ਼ ਪਿਤਾ ਦਾ ਗੁਰਪੁਰਬ ਮਨਾਉਂਦੇ।

ਚੜ੍ਹਦੇ ਸਾਲ 1 ਜਨਵਰੀ, 1974 ਦਿਨ ਮੰਗਲਵਾਰ ਨੂੰ ਅੰਮ੍ਰਿਤ ਵੇਲੇ 5 ਵਜੇ ਆਪਣੀ 80 ਸਾਲਾ ਜੀਵਨ-ਯਾਤਰਾ ਸਫਲ ਕਰਕੇ ਅਚਾਨਕ ਗੁਰੂ ਚਰਨਾ ਵਿੱਚ ਅਭੇਦ ਹੋ ਗਏ। ਐਸੇ ਮਹਾਂਪੁਰਖਾਂ ਲਈ ਗੁਰਬਾਣੀ ਦਾ ਕਥਨ ਹੈ :

**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥**
**ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥**

(ਸੂਹੀ ਮਹਲਾ ੫, ਪੰਨਾ ੭੪੯)

★ ★ ★

## ਭਾਈ ਘਨੱਈਆ ਸੇਵਾ ਸੁਸਾਇਟੀ (ਰਜਿ:) ਗੋਨਿਆਣਾ ਮੰਡੀ ਵਲੋਂ ਆਯੋਜਿਤ ਹੋ ਰਹੇ ਪ੍ਰੋਗਰਾਮ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਗੁਰਪੁਰਬ ਦੇ ਪ੍ਰੋਗਰਾਮ

ਪ੍ਰਭਾਤ ਫੇਰੀਆਂ : ਮਿਤੀ **16** ਜਨਵਰੀ 2002 ਤੋਂ 20 ਜਨਵਰੀ 2002 ਤੱਕ ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ ਨਵੀਂ ਬਸਤੀ ਤੋਂ ਰੋਜਾਨਾ ਸਵੇਰੇ 4.30 ਵਜੇ ਤੋਂ 6.30 ਵਜੇ ਤੱਕ ।

ਨਗਰ ਕੀਰਤਨ : **19** ਜਨਵਰੀ **2002** ਦਿਨ ਸ਼ਨੀਵਾਰ ਦੁਪਹਿਰ **12.30** ਵਜੇ ਤੋਂ ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ ਤੋਂ ਚੱਲ ਕੇ ਮੰਡੀ ਦੇ ਮੁੱਖ ਮਾਰਗਾਂ ਤੋਂ ਹੁੰਦਾ ਹੋਇਆ ਵਾਪਸ ਇੱਥੇ ਹੀ ਸਮਾਪਤ ਹੋਵੇਗਾ।

ਵਿਸ਼ੇਸ਼ ਦੀਵਾਨ : **21** ਜਨਵਰੀ **2002** ਦਿਨ ਸੋਮਵਾਰ ਸਵੇਰੇ **11** ਵਜੇ ਤੱਕ ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ ਅਤੇ ਰਾਤ ਨੂੰ **7** ਵਜੇ ਤੋਂ **11** ਵਜੇ ਤੱਕ ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ ਨਵੀਂ ਬਸਤੀ ਵਿਖੇ ਵਿਸ਼ੇਸ਼ ਦੀਵਾਨ ਸਜਣਗੇ।

## ਭਾਈ ਘਨੱਈਆ ਚੈਰੀਟੇਬਲ ਹਸਪਤਾਲ ਵੱਲੋਂ ਸਾਲਾਨਾ ਯੱਗ ਸਮਾਗਮ ਸਮੇਂ

### ਦੰਦਾਂ ਦਾ ਮੁਫ਼ਤ ਚੈਕਅੱਪ ਕੈਂਪ :

ਮਿਤੀ **14** ਤੇ **15** ਜਨਵਰੀ **2002** ਦਿਨ ਸੋਮਵਾਰ ਤੇ ਮੰਗਲਵਾਰ ਨੂੰ ਡਾ ਮਨਤਾਰ ਸਿੰਘ ਜੀ, ਡਾ ਗੁਰਿੰਦਰ ਮੋਹਨ ਸਿੰਘ ਜੀ ਅਤੇ ਡਾ. ਨਵਦੀਪ ਸਿੰਘ 'ਲੱਕੀ' ਦੰਦਾਂ ਦਾ ਮੁਫਤ ਵਿਸ਼ੇਸ਼ ਕੈਂਪ ਲਾਉਣਗੇ। ਕੈਂਪ ਦਾ ਉਦਘਾਟਨ **ਸ੍ਰੀਮਾਨ ਮਹੰਤ ਤੀਰਥ ਸਿੰਘ ਜੀ** ਸੇਵਾ ਪੰਥੀ ਕਰਨਗੇ। ਲੋੜਵੰਦ ਲਾਭ ਉਠਾਉਣ।

### ਹੱਡੀਆਂ ਤੇ ਜੋੜਾਂ ਦਾ ਮੁਫ਼ਤ ਚੈਕਅੱਪ ਕੈਂਪ:

ਮਿਤੀ **14** ਜਨਵਰੀ **2002** ਦਿਨ ਸੋਮਵਾਰ ਨੂੰ ਡਾ· ਰਾਣਾ ਬਠਿੰਡਾ ਵਾਲੇ ਤੇ ਵੈਦ ਬਲਜੀਤ ਸਿੰਘ ਹੱਡੀਆਂ ਜੋੜਾਂ ਦਾ ਮੁਫਤ ਚੈਕਅੱਪ ਕੈਂਪ ਲਾਉਣਗੇ। ਲੋੜਵੰਦ ਲਾਭ ਉਠਾਉਣ।

ਸੰਤ ਕਥਾ

# ਭਾਈ ਘਨੱਈਆ ਜੀ ਪ੍ਰਸ਼ਾਦਾ ਕਿੱਥੇ ਛਕਦੇ ਸਨ ?

ਨਰਿੰਦਰ ਸਿੰਘ 'ਸੋਚ'

ਜਿਸ ਤਰ੍ਹਾਂ ਫੌਜ ਵਿੱਚ ਆਤਮ-ਘਾਤੀ ਦਸਤੇ ਵੱਖਰੇ ਹੁੰਦੇ ਹਨ। ਜਿੱਥੇ ਮਰਚਾ ਲਮਕ ਜਾਵੇ, ਉਸ ਦਾ ਅੰਤਿਮ ਨਿਰਨਾ ਆਤਮ-ਘਾਤੀ ਦਸਤੇ ਕਰਦੇ ਹਨ। ਉਹ ਜਿੱਤਦੇ ਜਾਂ ਮਰਦੇ ਹਨ। ਤਖਤ ਜਾਂ ਤਖਤਾ ਜਿੱਤ ਜਾਂ ਮੌਤ।

ਭਾਈ ਘਨੱਈਆ ਜੀ ਇਕੱਲੇ ਨਹੀ ਸਨ। ਉਹਨਾ ਦੇ ਨਾਲ ਉਹਨਾਂ ਦੇ ਸਾਥੀ ਭੀ ਸਨ। ਭਖਦੀਆਂ ਜੰਗਾਂ ਵਿੱਚ ਇੱਕ 'ਕੂਹਣੇ' ਨਾਲ ਸਾਰੇ ਜ਼ਖਮੀਆਂ ਨੂੰ ਪਾਣੀ ਨਹੀ ਪਿਲਾਇਆ ਜਾ ਸਕਦਾ। ਪਾਣੀ ਲਈ ਖੂਹ ਪੁੱਟਣੇ ਪੈਂਦੇ ਹਨ। ਪਾਣੀ ਕੱਢਣ ਲਈ ਲੰਮੀਆਂ ਲੱਜਾਂ ਦੀ ਲੋੜ ਹੁੰਦੀ। ਥੱਕਿਆਂ ਅਤੇ ਗਾਗਰਾਂ ਦੀ ਜ਼ਰੂਰਤ ਪੈਂਦੀ ਹੈ। ਪਾਣੀ ਕੱਢਣ ਵਾਲੇ ਵੱਖਰੇ ਹੋਣ, ਮੋਰਚਿਆਂ ਤੱਕ ਪਹੁੰਚਾਉਣ ਵਾਲੇ ਵੱਖਰੇ ਹੋਣ, ਮੋਰਚਿਆਂ ਵਿੱਚ ਅਤੇ ਮੋਰਚਿਆਂ ਤੋਂ ਬਾਹਰ ਤੜਫ ਰਹੇ ਜ਼ਖਮੀਆਂ ਨੂੰ ਪਾਣੀ ਪਿਲਾਉਣ ਲਈ ਸਿਰ-ਧੜ ਦੀ ਬਾਜੀ ਲਾਉਣ ਵਾਲੇ ਵੱਖਰੇ ਚਾਹੀਦੇ ਹਨ।

ਭਾਈ ਘਨੱਈਆ ਜੀ ਦਾ ਜਥਾ ਸਿਰ ਲੱਥਾਂ ਦਾ ਸੀ। ਇਸ ਜਥੇ ਦਾ ਮੁਖੀ ਸੇਵਾਦਾਰ ਕੋਈ ਨਹੀ ਹੁੰਦਾ। ਵੱਡਾ ਸੇਵਕ ਆਪਣੇ ਲਈ ਗ਼ੁਲਾਮ ਸ਼ਬਦ ਜਾਂ ਬੈਖਰੀਦ ਸ਼ਬਦ ਦੀ ਵਰਤੋਂ ਕਰਦਾ ਹੈ ਚੂੰਕਿ ਉਹ ਆਪ ਗੁਰੂ ਜੀ ਦੇ ਲੜ ਲੱਗਿਆ ਹੋਇਆ ਹੁੰਦਾ ਹੈ, ਇਸ ਕਰਕੇ ਉਹ ਆਪਣਾ ਪੱਲਾ ਕਿਸੇ ਨੂੰ ਨਹੀ ਫੜਾਉਂਦਾ। ਉਹ ਆਪਣੇ ਮਾਪਿਆਂ ਦੇ, ਅੰਗਾਂ-ਸਾਕਾਂ ਦੇ, ਸੱਜਣਾਂ-ਮਿੱਤਰਾਂ ਦੇ ਅਤੇ ਸਾਰੇ ਸਮਾਜ ਦੇ ਸਾਹਮਣੇ ਗੁਰੂ ਅੱਗੇ ਇੱਕ ਨਾਲ ਤੋੜ ਨਿਭਾਉਣ ਦਾ ਪ੍ਰਣ ਨਹੀਂ ਕਰਦਾ। ਆਪਣੇ ਸਿਰ ਉੱਪਰ ਇੱਕ ਦੀ ਜ਼ੁੰਮੇਵਾਰੀਆਂ ਦਾ ਭਾਰ ਨਹੀਂ ਚੁੱਕਦਾ ਕਿਉਂਕਿ ਜਦੋਂ ਇੱਕ ਦਾ ਬਣ ਗਿਆ, ਫਿਰ ਉਸ ਲਈ ਦੂਜੇ ਸਾਰੇ ਬਿਗਾਨੇ ਹੋ ਗਏ। ਜਦੋਂ ਮਾਂ ਸੱਸ ਬਣ ਗਈ ਤਾਂ ਉਸਦੇ ਮਾਂ ਪੁਣੇ ਨੂੰ ਸੱਸ ਬਣਨ ਦਾ ਅਧਰੰਗ ਹੋ ਗਿਆ। ਨੂੰਹ ਸੱਸ, ਮਾਵਾਂ ਧੀਆਂ ਦੇ ਥਾਂ 'ਤੇ ਅਜੀਬ ਕਿਸਮ ਦੀਆਂ ਸੌਕਣਾਂ ਬਣ ਗਈਆਂ। ਹੁਣ ਮਾਂ ਜਦੋਂ ਪੁੱਤਰ ਨੂੰ ਸੀਨੇ ਨਾਲ ਲਾਉਂਦੀ ਹੈ, ਤਾਂ ਉਸ ਨੂੰ ਪੁੱਤਰ ਦੇ ਸੀਨੇ ਵਿੱਚੋਂ ਨੂੰਹ ਦੀ ਬਦਬੂ ਆਉਂਦੀ ਹੈ। ਉਸ ਦੀ ਗਲਵੱਕੜੀ ਦੀ ਜਕੜ ਢਿੱਲੀ ਪੈ ਜਾਂਦੀ ਹੈ। ਰਾਤ ਵੇਲੇ ਪਤਨੀ ਅਨੁਭਵ ਕਰਦੀ ਹੈ ਕਿ ਪਤੀ ਦੀ ਅੱਧੀ ਸੇਜ ਮਾਂ ਮੱਲ ਕੇ ਬੈਠੀ ਹੈ। ਜੇ ਦੁਚਿੱਤੀ ਨੇ ਪਤਨੀ ਦੀਆਂ ਰਾਤਾਂ ਨਰਕ ਬਣਾ ਦਿੱਤੀਆਂ, ਦੁਚਿੱਤੀ ਨੇ ਮਾਂ ਦੇ ਦਿਨਾਂ ਨੂੰ ਪਹਾੜਾਂ ਦੀਆਂ ਬਿਖੜੀਆਂ ਚੋਟੀਆਂ ਬਣਾ ਦਿੱਤਾ। 'ਸਬੂਤਾ ਪੁੱਤਰ' ਕੇਵਲ ਦੋ ਬਾਹਵਾਂ ਬਣ ਕੇ ਰਹਿ ਗਿਆ, ਇੱਕ ਬਾਂਹ ਮਾਂ ਦੀ, ਦੂਜੀ ਬਾਂਹ ਪਤਨੀ ਦੀ। ਝਗੜਾ ਏਥੇ ਭੀ ਖਤਮ ਨਹੀਂ ਹੋਇਆ। ਸੱਜੀ ਬਾਹ ਕਿਸ ਕੋਲ ਹੈ ? ਮਾਂ ਕੋਲ ਕਿ ਪਤਨੀ ਕੋਲ ? ਮਾਂ ਨਾਲ ਗੱਲ ਕਰਨ ਵੇਲੇ ਚਿਹਰੇ ਉੱਪਰ ਬਹੁਤਾ ਖੇੜਾ ਆਉਂਦਾ ਹੈ ਕਿ ਪਤਨੀ ਨਾਲ ਗੱਲ ਕਰਨ ਵੇਲੇ ? ਬਹੁਤਾ ਸਤਿਕਾਰ ਮਾਂ ਦਾ ਕਰਦਾ ਹੈ ਕਿ ਪਤਨੀ ਦਾ ? ਘਰ ਵਿੱਚ ਜਦੋਂ ਕੋਈ ਆਉਂਦਾ ਹੈ, ਉਹ ਪਹਿਲ ਮਾਂ ਨੂੰ ਦਿੰਦਾ ਹੈ ਕਿ ਪਤਨੀ ਨੂੰ ?

ਸ੍ਰੀ ਗੁਰੂ ਅਮਰ ਦਾਸ ਜੀ ਕਹਿੰਦੇ ਹਨ, "ਮੈਂ ਉਸ ਪ੍ਰਭੂ ਤੋਂ ਕੁਰਬਾਨ ਜਾਂਦਾ ਹਾਂ, ਜਿਸ ਨੇ ਸਾਰੇ ਜੀਵਾਂ ਦੀ ਜ਼ਿੰਦਗੀ ਵਿੱਚ 'ਮਿੱਠੇ-ਮੋਹ' ਦਾ 'ਚਸਕਾ' ਪਾ ਦਿੱਤਾ ਹੈ। ਮੋਹ, ਮਨ ਦਾ ਜੇਠਾ ਪੁੱਤਰ ਹੈ ਅਤੇ ਮਨ

ਨੇ ਸਾਰੇ ਰਾਜ-ਕਾਜ ਦਾ ਕੰਮ ਮੋਹ ਨੂੰ ਸੌਂਪ ਦਿੱਤਾ ਹੈ। ਮੋਹ, ਆਪਣੇ ਪਿਉ ਨੂੰ ਨੀਂਦਰ ਦੀਆਂ ਗੋਲੀਆਂ ਖਵਾ ਕੇ ਦਿਨ-ਰਾਤ ਸਵਾਈ ਰੱਖਦਾ ਹੈ। ਮੋਹ ਇੱਕ ਸਮੇ ਦੇ ਜੀਵਨ ਜਿਊਂਦਾ ਹੈ। ਉਸ ਨੂੰ ਆਪਣੇ ਮਲ-ਮੂਤਰ ਨਾਲ ਭਰੇ ਹੋਏ ਅਤੇ ਲੰਗੜੇ - ਲੂਲੇ ਪੁੱਤਰ ਤੋਂ ਭੀ ਗਿਲਾਨੀ ਨਹੀਂ ਆਵੇਗੀ ਪਰ ਦੂਜਿਆਂ ਦੇ ਸਾਫ-ਸੁਥਰੇ ਅਤੇ ਸੁੰਦਰ ਬੱਚਿਆਂ ਨੂੰ ਭੀ ਆਪਣੇ ਬੱਚਿਆਂ ਜਿਤਨਾ ਪਿਆਰ ਨਹੀਂ ਕਰ ਸਕਦਾ। ਆਪਣੇ ਘਰ ਦਾ ਕਦੇ ਭੀ ਕੋਈ ਵਿਗਾੜ ਨਹੀਂ ਕਰ ਸਕਦਾ ਪਰ ਦੂਜੇ ਦੇ ਘਰ ਦਾ ਕੁਝ ਭੀ ਸਵਾਰਦਾ ਨਹੀਂ ਹੈ। ਆਪਣੇ ਧੱਕੇ ਭੀ ਮਾਰਨ ਤਾਂ ਉਸ ਨੂੰ ਚੰਗੇ ਲੱਗਦੇ ਹਨ, ਪਰ ਦੂਜੇ ਉਸ ਦੇ ਰਾਹ ਵਿੱਚ ਫੁੱਲ ਭੀ ਖਿਲਾਰਨ ਤਾਂ ਭੀ ਉਸ ਨੂੰ ਆਪਣਿਆਂ ਵਰਗੇ ਪਿਆਰੇ ਨਹੀਂ ਲੱਗਦੇ।

ਮੋਹ, ਮਹਾਂ ਆਕਾਸ਼ ਵਿੱਚ ਇੱਕ ਸਿਫਰਾ ਬਣਾ ਦਿੰਦਾ ਹੈ। ਬਸ ਏਹੋ ਸਿਫਰਾ ਮੋਹ ਦਾ ਕੇਂਦਰ ਹੈ। ਇਸ ਸਿਫਰੇ ਦੇ ਅੰਦਰ ਜੋ ਕੁਝ ਭੀ ਹੈ, ਬੱਸ ਉਹੋ ਆਦਿ ਹੈ ਅਤੇ ਉਹੋ ਅੰਤ ਹੈ। ਸਿਫਰੇ ਦੇ ਅੰਦਰਲਾ ਸਭ ਕੁਝ ਆਪਣਾ ਹੈ, ਅਤੇ ਜੋ ਕੁਝ ਸਿਫਰੇ ਤੋਂ ਬਾਹਰ ਹੈ ਉਹ ਬਿਗਾਨਾ ਹੈ। ਇਹ ਉਸ ਦੇ ਵੱਸ ਦੀ ਗੱਲ ਨਹੀਂ ਅਤੇ ਨਾ ਉਹ ਜਾਣ ਬੁੱਝ ਕੇ ਇਸ ਤਰ੍ਹਾਂ ਕਰਦਾ ਹੈ, ਉਸ ਨੂੰ ਸਿਫਰੇ ਤੋਂ ਜੋ ਕੁਝ ਬਾਹਰ ਦਿੱਸਦਾ ਹੈ, ਸਿਫਰੇ ਨਾਲੋਂ ਨਿੱਕਾ ਤੇ ਤੁੱਛ ਦਿੱਸਦਾ ਹੈ। ਇਹ ਨਜ਼ਰ ਉਸ ਦੀ ਰੱਖਿਆ ਭੀ ਕਰਦੀ ਹੈ ਅਤੇ ਇਹ ਨਜ਼ਰ ਉਸ ਦਾ ਦੁਖਾਂਤ ਭੀ ਹੈ। ਰਖ ਰੱਖਿਆ ਇਸ ਤਰ੍ਹਾਂ ਕਰਦੀ ਹੈ ਕਿ ਉਸ ਨੂੰ ਹੀਣ-ਭਾਵ ਦਾ ਅਨੁਭਵ ਨਹੀ ਹੋਣ ਦਿੰਦੀ। ਉਹ ਆਪਣੇ ਆਪ ਨੂੰ ਤੁੱਛ ਨਹੀਂ ਸਮਝਦਾ। ਦੁਖਾਂਤ ਇਸ ਤਰ੍ਹਾਂ ਕਿ ਉਹ ਮਹਾਂ ਆਕਾਸ਼ ਦਾ ਅਨੁਭਵ ਨਹੀਂ ਕਰ ਸਕਦਾ। ਡੱਡੂ ਵਾਂਗ ਸਾਰੀ ਉਮਰ ਖੂਹ ਨੂੰ ਸਾਗਰਾਂ ਨਾਲੋਂ ਵੱਡਾ ਜਾਣ ਕੇ ਭੁਲੇਖੇ ਵਿੱਚ ਸੁੱਤਿਆ ਹੋਇਆ ਸਾਰਾ ਜੀਵਨ ਬਿਰਥਾ ਗੁਆ ਲੈਂਦਾ ਹੈ।

ਭਾਈ ਘਨੱਈਆ ਜੀ ਨੇ ਮਾਤਾ ਗੁਜਰੀ ਜੀ ਤੋਂ ਅਸੀਸਾਂ ਲਈਆਂ ਸਨ। ਮਾਤਾ ਸੁੰਦਰੀ ਜੀ, ਮਾਤਾ ਜੀਤ ਕੌਰ ਅਤੇ ਪੰਥ ਦੀ ਮਾਤਾ ਸਾਹਿਬ ਕੌਰ ਦੀ ਭੀ ਚਰਨ ਧੂੜ ਮੱਥੇ ਉੱਪਰ ਲਾਈ ਸੀ। ਉਹ ਗ੍ਰਹਿਸਥ ਆਤਮਾ ਨੂੰ ਸਭ ਤੋਂ ਵੱਡਾ ਆਸ਼ਰਮ ਮੰਨਦੇ ਸਨ ਅਤੇ ਇਸ ਦਾ ਪੂਰਾ-ਪੂਰਾ ਸਤਿਕਾਰ ਕਰਦੇ ਸਨ ਪਰ ਉਹ ਇੱਕ ਐਸੀ ਭੀ ਸੰਸਥਾ ਚਾਹੁੰਦੇ ਸਨ, ਜਿਸ ਦੇ ਸਦਕੇ ਆਪਣਾ ਸਾਰਾ ਜੀਵਨ ਲੋਕ ਭਲਾਈ ਉੱਪਰ ਲਾ ਦੇਣ। ਉਹਨਾਂ ਦਾ ਘੇਰਾ ਆਪਣੇ ਖੂਨ, ਆਪਣੇ ਧਰਮ ਤੱਕ ਨਾ ਹੋਵੇ।

ਸਾਰਾ ਜੀਵ-ਜਗਤ ਉਹਨਾਂ ਦਾ ਪਰਿਵਾਰ ਹੋਵੇ। ਉਹ ਸ਼ੇਰਾਂ ਅਤੇ ਬਘਿਆੜਾਂ ਨੂੰ ਭੀ ਪਿਆਸੇ ਨਾ ਮਰਨ ਦੇਣ। ਸਾਰੇ ਨਿਆਸਰੇ ਬੁੱਢੇ ਅਤੇ ਬੁੱਢੀਆਂ ਉਹਨਾਂ ਦੀਆਂ ਸਕੀਆਂ, ਢਿੱਡੋਂ ਜੰਮਣ ਵਾਲੀਆਂ ਮਾਵਾਂ ਤੋਂ ਭੀ ਪਿਆਰੇ ਹੋਣ। ਸਾਰੀਆਂ ਨਿੱਕੀਆਂ ਧੀਆਂ ਅਤੇ ਸਾਰੀਆਂ ਹਾਣ ਦੀਆਂ ਭੈਣਾਂ ਹੋਣ। ਏਡਾ ਵੱਡਾ ਪਿਉ ਬਣ ਸਕਣਾ ਹਾਰੀ-ਸਾਰੀ ਦਾ ਕੰਮ ਨਹੀਂ ਹੈ। ਇਤਨੀਆਂ ਭੈਣਾਂ ਦਾ ਭਰਾ ਬਣਨਾ ਭੀ ਸੌਖਾ ਨਹੀਂ ਹੈ। ਸਾਰੇ ਸੰਸਾਰ ਦੀ ਮਾਹਲ ਸਿਰ ਉੱਪਰ ਚੁੱਕ ਕੇ ਸੂਕਦੇ ਦਰਿਆਵਾਂ ਨੂੰ ਪਾਰ ਕਰਨਾ ਵੱਡੇ ਤਾਰੂਆਂ ਦਾ ਕੰਮ ਹੈ, ਜਿਨ੍ਹਾਂ ਨੇ ਦਰਿਆਵਾਂ ਦੇ ਕੰਢਿਆਂ ਉੱਪਰ ਜਨਮ ਲਿਆ ਹੋਵੇ। ਵਗਦੇ ਦਰਿਆ ਕੰਢੇ ਜਵਾਨ ਹੋਏ ਹੋਣ।

ਭਾਈ ਘਨੱਈਆ ਜੀ ਦਾ ਬੜਾ ਵੱਡਾ ਜਥਾ ਸੀ। ਉਸ ਵਿੱਚ ਕੀਰਤਨੀਏ ਸਨ, ਪਖਾਵਜ ਸਨ, ਪਾਠੀ ਸਨ, ਕਥਾਕਾਰ ਸਨ, ਬਾਣੀ ਲਿਖਣ ਵਾਲੇ ਸਨ, ਕਾਰਜ ਬਣਾਉਣ ਵਾਲੇ ਸਨ, ਮੁੰਜ ਕੁੱਟਣ ਵਾਲੇ ਸਨ, ਵਾਣ ਵੱਟਣ ਵਾਲੇ ਸਨ, ਪਾਣੀ ਢੋਣ ਵਾਲੇ ਸਨ, ਆਟਾ ਪੀਹਣ ਵਾਲੇ ਸਨ, ਭਾਰ ਢੋਣ ਵਾਲੇ ਸਨ, ਲੰਗਰ ਪਕਾਉਣ ਵਾਲੇ ਸਨ, ਬੀਮਾਰਾਂ ਨੂੰ ਦਵਾਈਆਂ ਦੇਣ ਵਾਲੇ ਸਨ, ਪੱਖਾ ਝੱਲਣ ਵਾਲੇ ਸਨ, ਸਿਆਹੀ ਬਣਾਉਣ ਵਾਲੇ ਸਨ, ਥੱਕਿਆਂ ਹੋਇਆਂ ਨੂੰ ਮੁੱਠੀ-ਚਾਪੀ ਕਰਨ ਵਾਲੇ ਸਨ, ਕੱਪੜੇ ਉਣਨ ਵਾਲੇ ਸਨ, ਪਾਟੇ

ਕੱਪੜੇ ਸੀਣ ਵਾਲੇ ਸਨ। ਇਹ ਜਥਾ ਆਪਣੀਆਂ ਲੋੜਾਂ ਆਪ ਪੂਰੀਆਂ ਕਰਨ ਵਾਲਾ ਸੀ। ਇਹ ਤੁਰਦਾ-ਫਿਰਦਾ ਇੱਕ ਪਿੰਡ ਸੀ। ਇੱਕ ਚੱਲਦਾ ਵਿਦਿਆਲਾ, ਇੱਕ ਚੱਲਦਾ ਸਫ਼ਾਖਾਨਾ। ਇੱਕ ਚੱਲਦਾ ਛਾਪਾਖ਼ਾਨਾ ਸੀ। ਚੱਲਦਾ ਸਨਅਤੀ ਪਿੰਡ ਸੀ।

ਕੀ ਤੁਸੀਂ ਇਸ ਨੂੰ ਨਵਿਰਤੀ ਮਾਰਗ ਆਖੋਗੇ ? ਨਹੀਂ, ਇਹ ਨਿਰਵਿਰਤੀ ਮਾਰਗ ਨਹੀਂ ਹੈ। ਕੀ ਤੁਸੀਂ ਇਸ ਨੂੰ ਪ੍ਰਵਿਰਤੀ ਮਾਰਗ ਦਾ ਨਾਮ ਦਿਉਗੇ ? ਨਹੀਂ, ਇਹ ਪ੍ਰਵਿਰਤੀ ਮਾਰਗ ਭੀ ਨਹੀਂ ਹੈ। ਇਸ ਦਾ ਨਾਮ ਹੈ, ਨਿਰਵਿਰਤੀ ਵਿੱਚ ਪ੍ਰਵਿਰਤੀ ਅਤੇ ਪ੍ਰਵਿਰਤੀ ਵਿੱਚ ਨਿਰਵਿਰਤੀ। ਇਹ ਹੈ ਗ੍ਰਹਿਸਥਨ ਵਿੱਚ ਵੱਡਾ ਗ੍ਰਹਿਸਥੀ ਬਣਨਾ। ਭਾਈ ਘਨੱਈਆ ਜੀ ਦੇ ਜਥੇ ਦਾ ਇੱਕੋ ਮੰਤਵ ਹੈ, ਸੰਸਾਰ ਨੂੰ ਗੁਰੂ ਸ਼ਬਦ ਦੇ ਕੇ ਸੁਖੀ ਕਰਨਾ। ਦੁਜੈਗੀ ਦੀਆਂ ਕੰਧਾਂ ਢਾਹ ਕੇ ਮਾਨਵਤਾ ਦਾ ਪ੍ਰਚਾਰ ਕਰਨਾ। ਸੁੱਚੀ ਕਿਰਤ ਤੇ ਸੁੱਚਾ ਵਿਉਪਾਰ ਕਰਨਾ। ਸੇਵਾ ਦੀ ਗੁੜ੍ਹਤੀ ਦੇਣੀ ਤੇ ਸਿਮਰਨ ਦੀ ਆਸ ਘਾਉਣੀ।

ਜਦੋਂ ਕੋਈ ਭਾਈ ਘਨੱਈਆ ਜੀ ਦੇ ਜਥੇ ਨੂੰ ਪ੍ਰਸ਼ਾਦ ਛਕਣ ਲਈ ਆਖਦਾ ਤਾਂ ਉਨ੍ਹਾਂ ਦੀ ਇੱਕ ਸ਼ਰਤ ਹੁੰਦੀ। ਸਵੇਰੇ ਤੜਕੇ ਤੁਹਾਡੇ ਘਰ ਦੀਵਾਨ ਸਜੇਗਾ। ਆਸਾ ਜੀ ਦੀ ਵਾਰ ਦਾ ਕੀਰਤਨ ਹੋਵੇਗਾ। ਕੀਰਤਨ ਪਿੱਛੋਂ ਗੁਰੂ ਸ਼ਬਦ ਦੀ ਕਥਾ ਹੋਵੇਗੀ। ਬਾਰਾਂ ਵਜੇ ਦੀਵਾਨ ਦੀ ਸਮਾਪਤੀ ਹੋਵੇਗੀ ਅਤੇ ਫਿਰ ਗੁਰੂ ਦਾ ਲੰਗਰ ਅਭੇਦ ਵਰਤੇਗਾ। ਸਾਰੇ ਇੱਕ ਪਿਤਾ ਜੀ ਦੇ ਬਾਲਕ, ਬਣ ਕੇ ਇੱਕ ਪੰਗਤ ਵਿੱਚ ਬੈਠ ਕੇ ਅੰਮ੍ਰਿਤ ਭੋਜਨ ਕਰਨਗੇ।

ਇਸ ਜਥੇ ਕੋਲ ਅਨੋਖਾ ਸੌਦਾ ਸੀ, ਇਹ ਹਰ ਇੱਕ ਰਾਜ ਵਿੱਚ ਵਿਕ ਸਕਦਾ ਸੀ। ਇਸ ਵਿੱਚ ਕਿਸੇ ਸਿੱਕੇ ਦੀ ਵਿਚੋਲਗੀ ਦੀ ਭੀ ਲੋੜ ਨਹੀਂ ਸੀ ਪੈਂਦੀ। ਜਥੇ ਨੂੰ ਆਟੇ ਅਤੇ ਦਾਲ ਦੀ ਲੋੜ ਹੁੰਦੀ ਸੀ। ਜਥੇ ਕੋਲ ਇਸ ਦੇ ਬਦਲੇ ਵਿੱਚ ਦੇਣ ਲਈ ਬਰੀਕ ਵਾਣ ਸੀ। ਸੂਤੜੀ ਸੀ, ਲੱਜਾਂ ਸਨ, ਲਾਵਾਂ ਸਨ। ਮੰਜੇ ਦੀਆਂ ਪੈਂਦਾਂ ਸਨ। ਰੱਸੇ ਸਨ। ਝਾੜੂ ਸਨ, ਕਾਗ਼ਜ਼ ਸੀ, ਸਿਆਹੀ ਸੀ।

ਇਸ ਮੰਡਲੀ ਦਾ ਹਰ ਇੱਕ ਸਾਧੂ ਇੱਕ ਬੋਹੜ ਦਾ ਬ੍ਰਿਛ ਸੀ। ਉਸ ਨੂੰ ਜਿੱਥੇ ਲਾਵੋ, ਉਹ ਆਪਣੀਆਂ ਜੜ੍ਹਾਂ ਉਥੇ ਹੀ ਲਾ ਸਕਦਾ ਸੀ। ਉਸ ਦੀ ਛਾਂ ਹੇਠ ਆਉਂਦਾ-ਜਾਂਦਾ ਰਾਹੀ ਆਰਾਮ ਕਰ ਸਕਦਾ ਸੀ। ਇਹ ਤਪੱਸਵੀ ਸਨ। ਇਹਨਾਂ ਦੀ ਤਪੱਸਿਆ ਦਾ ਦੂਜਿਆਂ ਨੂੰ ਭੀ ਫਲ ਮਿਲਦਾ ਸੀ। ਇਹ ਪਾਣੀ ਢੋਂਦੇ ਸੀ ਦੂਜਿਆਂ ਲਈ। ਪੱਖਾ ਝੱਲਦੇ ਸੀ ਹੋਰਾਂ ਲਈ। ਸਰਾਵਾਂ ਬਣਾਉਂਦੇ ਸਨ, ਮੁਸਾਫ਼ਰਾਂ ਲਈ। ਖੂਹ ਪੁੱਟਦੇ ਸਨ, ਪਿਆਸਿਆਂ ਲਈ। ਲੰਗਰ ਚਲਾਉਂਦੇ ਸਨ, ਭੁੱਖਿਆਂ-ਭਾਣਿਆਂ ਲਈ। ਇੱਕ-ਇੱਕ ਸਾਧੂ ਆਪਣੇ ਮੋਢਿਆਂ ਉਪੱਰ ਧਰਮਸਾਲ ਚੁੱਕੀ ਫਿਰਦਾ ਸੀ।

ਇਹਨਾਂ ਦੀ ਜ਼ਿੰਦਗੀ ਦੀ ਚੂਲ ਸੰਜਮ ਹੈ। ਸੰਜਮ ਦਾ ਬੋਲਣਾ। ਬਿਨਾਂ ਲੋੜ ਤੋਂ ਇੱਕ ਸ਼ਬਦ ਭੀ ਨਹੀਂ ਬੋਲਣਾ। ਚੀਜ਼ਾਂ ਦਾ ਭਾਅ ਭੀ ਬੋਲ ਕੇ ਨਹੀਂ ਦੱਸਣਾ। ਕਾਗ਼ਜ਼ ਉਪੱਰ ਕੀਮਤ ਲਿਖ ਕੇ ਵਸਤੂ ਉਪੱਰ ਰੱਖ ਦੇਣੀ ਹੈ। ਜਿਸ ਵਿੱਚ ਲੰਬਾਈ, ਮੋਟਾਈ ਅਤੇ ਵਜ਼ਨ ਆਦਿ ਦਾ ਸਾਰਾ ਵੇਰਵਾ ਹੋਵੇ। ਟੁਕੜੇ ਤੇ ਖੰਡ-ਖੰਡ ਹੋਏ ਹੋਏ ਮਨ, ਦੋ ਮੁੱਲ ਕਰਦੇ ਹਨ। ਹੋਸ਼ੇ ਆਦਮੀ ਅਤੇ ਖੋਟੇ ਸੌਦੇ ਵਾਲੇ ਲੋਕ ਗਾਹਕਾਂ ਨੂੰ ਆਵਾਜ਼ਾਂ ਮਾਰਦੇ ਹਨ, ਬਾਹਵਾਂ ਤੋਂ ਫੜਦੇ ਹਨ। ਗੱਲ-ਗੱਲ ਤੇ ਕਸਮਾਂ ਖਾਂਦੇ ਹਨ।

ਇਹਨਾਂ ਦਾ ਖਾਣਾ ਸੰਜਮ ਦਾ, ਇਹਨਾਂ ਦੀ ਜ਼ਬਾਨ ਵਿੱਚ ਕੋਈ ਚਸਕਾ ਨਹੀਂ। ਥੋੜ੍ਹਾ ਖਾਣਾ ਅਤੇ ਬਹੁਤਾ ਕੰਮ ਕਰਨਾ ਇਹਨਾਂ ਦਾ ਨੇਮ ਹੈ। ਕੰਮ ਕਰਨ ਤੋਂ ਬਿਨਾਂ ਖਾਣਾ ਹਰਾਮ ਹੈ। ਸਾਰੇ ਖਾਣੇ ਮਿਹਨਤ ਕਰਨ ਪਿੱਛੋਂ ਹਲਾਲ ਬਣਦੇ ਹਨ। ਬਿਨਾਂ ਮਿਹਨਤ ਤੋਂ ਛੱਤੀ ਪ੍ਰਕਾਰ ਦੇ ਭੋਜਨ ਹਰਾਮ ਬਣ ਜਾਂਦੇ ਹਨ। ਉਹਨਾਂ ਵਿੱਚੋਂ ਲਹੂ ਤੇ ਪਾਕ ਸਿੰਮਣ ਲੱਗ ਪੈਂਦੀ ਹੈ। ਮਿਹਨਤ ਪਿੱਛੋਂ ਪਦਾਰਥਾ ਵਿੱਚੋਂ ਮਾਖਿਓਂ ਦੀਆ ਧਾਰਾਂ

ਵਗਣ ਲੱਗ ਜਾਂਦੀਆਂ ਹਨ।

ਕੰਨਾ ਨੂੰ ਕੀਰਤਨ ਸੁਣਨ ਦੀ ਖੁਲ੍ਹ ਹੈ। ਬਾਣੀ ਸੁਣਨ ਦੀ ਆਜ਼ਾਦੀ ਹੈ। ਗੁਰ ਇਤਿਹਾਸ ਅਤੇ ਭਗਤ ਇਤਿਹਾਸ ਜਿਤਨਾ ਚਿਰ ਚਾਹੁਣ ਸੁਣ ਸਕਦੇ ਹਨ। ਗੁਰੂ ਜਸ, ਹਰ ਜਸ, ਤੇ ਭਗਤ ਜਸ ਸੁਣਨਾ ਹੀ ਕੰਨਾ ਦਾ ਧਰਮ ਹੈ।

ਅੱਖਾਂ ਗੁਰੂ ਦਰਸ਼ਨ ਲਈ ਹਨ, ਸੰਗਤ ਦੇ ਦਰਸਨ ਲਈ ਹਨ, ਸਾਰੇ ਸੰਸਾਰ ਵਿੱਚ ਪ੍ਰਭੂ ਜੀ ਦੀ ਜੋਤ ਵੇਖਣ ਲਈ ਹਨ। ਉਹ ਸਭ ਕੁਝ ਵੇਖ ਸਕਦੀਆਂ ਹਨ, ਵੇਖ ਕੇ ਵਿਗਸ ਸਕਦੀਆਂ, ਜਿਨ੍ਹਾਂ ਦੇ ਵੇਖਣ ਵੇਲੇ ਜਾਂ ਵੇਖਣ ਪਿੱਛੋਂ ਮਨ ਵਿੱਚ ਕੋਈ ਵਿਕਾਰ ਨਾ ਪੈਦਾ ਹੋਵੇ, ਮੈਲੀਆਂ ਅਤੇ ਦਾਗੀ ਨਾ ਹੋਣ।

ਸਭ ਤੋਂ ਪਹਿਲਾ ਅਤੇ ਅਖੀਰਲਾ ਕਦਮ ਹੈ, 'ਪਛਾਣ'। ਕਿਸੇ ਭੁੱਲੇ ਹੋਏ ਨੂੰ ਨਹੀਂ ਪਛਾਣਨਾ। ਆਪਣੇ 'ਆਪ' ਨੂੰ ਪਛਾਣਨਾ ਹੈ। ਜਿਵੇਂ ਸੀਸ਼ੇ ਵਿੱਚ ਆਪਣਾ ਮੂੰਹ ਦਿੱਸਦਾ ਹੈ, ਇਸ ਤਰ੍ਹਾਂ ਆਪਣੀ ਆਤਮਾ ਨੂੰ ਪਛਾਣਨਾ ਹੈ। ਯਾਦ ਰੱਖਣਾ, ਆਤਮਾ ਵੇਖਣ ਵਾਲੀ ਚੀਜ ਨਹੀਂ ਹੈ। ਦਿੱਸਦਾ ਰੂਪ ਹੈ। ਰੂਪ ਖਿਣ-ਖਿਣ ਬਿਨਸਨਹਾਰ ਹੈ। ਆਤਮਾ ਕਿਸੇ ਦੇਸ ਵਿੱਚ ਨਹੀਂ ਰਹਿੰਦੀ, ਉਸ ਦਾ ਕੋਈ ਟਿਕਾਣਾ ਨਹੀਂ। ਉਸ ਉੱਪਰ ਤੁਸੀਂ ਉਂਗਲ ਨਹੀਂ ਰੱਖ ਸਕਦੇ। ਉਸ ਵੱਲ ਤੁਸੀਂ ਇਸ਼ਾਰਾ ਨਹੀਂ ਕਰ ਸਕਦੇ। ਉਸ ਵਿੱਚ ਕੋਈ ਦਿਸ਼ਾ ਨਹੀਂ ਹੈ। ਨਾ ਪੂਰਬ ਹੈ, ਨਾ ਪੱਛਮ ਹੈ, ਨਾ ਦੱਖਣ ਹੈ, ਨਾ ਪਹਾੜ ਹੈ। ਦਸ ਦਿਸਾਂ ਦੇਸ਼ ਦੀਆ ਹੁੰਦੀਆਂ ਹਨ, ਧਰਤੀਆਂ ਦੀਆਂ ਹੁੰਦੀਆਂ ਹਨ। ਆਤਮਾ ਵਿੱਚ ਕੋਈ ਵਕਤ ਨਹੀਂ ਹੈ। ਨਾ ਉਸ ਵਿੱਚ ਭੂਤ ਹੈ, ਨਾ ਵਰਤਮਾਨ ਅਤੇ ਨਾ ਭਵਿੱਖ। ਹਰ ਧਰਤੀ ਦਾ ਆਪਣਾ ਵਕਤ ਹੈ, ਆਪਣਾ ਸਾਲ ਹੈ, ਹਰ ਦੇਸ਼ ਦਾ ਇੱਕ ਆਪਣਾ ਸਥਾਨਿਕ ਸਮਾਂ ਹੁੰਦਾ ਹੈ। ਇਹਨਾਂ ਧਰਤੀਆਂ ਤੋਂ ਬਿਨਾਂ ਇੱਕ ਪਲਾੜੀ ਵਕਤ ਹੁੰਦਾ ਹੈ। ਏਹੋ ਵਸਤੂਆਂ ਦਾ ਚੋਥਾ ਨਿਯਮ ਹੈ। ਵਸਤੂਆਂ ਦੇ ਤਿੰਨ ਪਾਸੇ ਦਿੱਸਦੇ ਹਨ, ਚੋਥਾ ਅਣਡਿੱਠਾ ਰਹਿ ਜਾਂਦਾ ਹੈ। ਆਤਮਾ ਸਮੇਂ ਦੀ ਸੀਮਾਂ ਵਿੱਚ ਨਹੀਂ ਆਉਂਦਾ। ਆਤਮਾ ਵਿੱਚ ਕੋਈ ਗੁਣ ਨਹੀਂ ਹੈ। ਉਸ ਵਿੱਚ ਨਾ ਰਜੋ ਗੁਣ ਹੈ, ਨਾ ਤਮੋ ਗੁਣ ਹੈ, ਨਾ ਸਤੋ ਗੁਣ ਹੈ। ਉਹ ਤਿੰਨਾਂ ਗੁਣਾਂ ਤੋਂ ਪਰੇ ਹੈ। ਇਹ ਤਿੰਨੇ ਗੁਣ ਬਦਲਦੇ ਰਹਿੰਦੇ ਹਨ, ਇਹਨਾਂ ਵਿੱਚ ਟਿਕਾਓ ਨਹੀਂ ਹੈ। ਆਤਮਾ ਵਿੱਚ ਕੋਈ ਤਬਦੀਲ ਨਹੀਂ। ਨਾ ਇਹ ਜੰਮਦਾ ਹੈ, ਨਾ ਇਹ ਮਰਦਾ ਹੈ, ਨਾ ਇਹ ਬਾਲਕ ਹੈ, ਨਾ ਜਵਾਨ, ਨਾ ਬੁੱਢਾ। ਨਾ ਇਹ ਕਿਸੇ ਪਾਸੇ ਤੋਂ ਆਉਂਦਾ ਹੈ, ਨਾ ਇਹ ਕਿਸੇ ਪਾਸੇ ਜਾਂਦਾ ਹੈ।

ਆਤਮਾ ਨੂੰ ਪਛਾਣਨ ਪਿੱਛੋਂ ਬ੍ਰਹਿਮੰਡ ਦੀ ਕੋਈ ਭੀ ਚੀਜ਼ ਅਣਪਛਾਤੀ ਨਹੀਂ ਰਹਿ ਜਾਂਦੀ। ਸੰਸਾਰ ਦੀਆ ਸਾਰੀਆਂ ਵਿੱਥਾਂ ਦੂਰ ਹੋ ਜਾਂਦੀਆਂ ਹਨ। ਫਿਰ ਮਨੁੱਖ ਇਕੱਲਾ ਨਹੀਂ ਰਹਿ ਜਾਂਦਾ। ਉਹ ਬ੍ਰਹਿਮੰਡ ਦਾ ਇੱਕ ਭਾਗ ਬਣ ਜਾਂਦਾ ਹੈ। ਬੂੰਦ ਉਤਨਾ ਚਿਰ ਟਕੋਰਾਂ ਮਾਰਦੀ ਫਿਰਦੀ ਹੈ, ਜਿਤਨਾ ਚਿਰ ਸਾਗਰ ਤੋਂ ਦੂਰ ਰਹਿੰਦੀ ਹੈ। ਬੂੰਦ ਤੋਂ ਸਾਗਰ ਦੂਰ ਹੈ ਪਰ ਸਾਗਰ ਤੋਂ ਬੂੰਦ ਦੂਰ ਨਹੀਂ ਹੈ। ਸਾਗਰ ਵਿੱਚ ਬੂੰਦ ਹੈ, ਬੂੰਦ ਵਿੱਚ ਸਾਗਰ ਹੈ। ਦੋਹਾਂ ਵਿੱਚ ਇਕੋ ਪਾਣੀ ਹੈ। ਤਾਣੇ-ਪੇਟੇ ਦੀ ਸਾਂਝ ਹੈ। ਬੂੰਦ ਦਾ ਆਕਾਰ ਨਿੱਕਾ ਹੋਣ ਤੇ ਬੂੰਦ ਵਿਚਲਾ ਸਾਗਰ ਨਿੱਕਾ ਨਹੀਂ ਹੋ ਜਾਂਦਾ। ਟੇਡੀ ਨਦੀ ਹੁੰਦੀ ਹੈ, ਪਾਣੀ ਟੇਡਾ ਨਹੀਂ ਹੁੰਦਾ।

ਭਾਈ ਘਨੱਈਆ ਜੀ ਪਾਸ ਮਹਾਂਬਲੀ ਅਤੇ ਅਗੰਮੜੇ ਮਰਦ ਦੇ ਵਾਕ ਸਨ। ਸੇਵਾ ਕਰਨ ਵਾਲਿਆਂ ਦੀ ਲਹਿਰ ਪੈਦਾ ਹੋਵੇਗੀ। ਜਿਸ ਪਾਸਿਓਂ ਭਾਈ ਘਨੱਈਆ ਜੀ ਲੰਘ ਜਾਂਦੇ। ਮਨੁੱਖੀ ਸਾਗਰ ਵਿੱਚ ਉਪਕਾਰੀਆਂ ਦੀ ਲਹਿਰ ਪੈਦਾ ਹੋ ਜਾਂਦੀ।

ਸੇਵਾ ਕੋਈ ਨਿਰਜਿੰਦ ਵਸਤੂ ਨਹੀਂ ਹੈ, ਇਹ ਸਿਰ ਤੱਕ ਵਾਰ ਦੇਣ ਦੀ ਪ੍ਰਕ੍ਰਿਆ ਹੈ। ਸੂਲਾਂ ਦੀ ਸੇਵਾ ਤੇ ਲੇਟ ਕੇ ਫੁੱਲਾਂ ਦੀਆਂ ਸੇਜਾਂ ਦੇ ਜਾਗਦੇ ਸੁਪਨੇ ਲੈਣਾ ਹੈ। ਨੰਗੇ ਧੜ ਮੈਦਾਨ ਵਿੱਚ ਕੁੱਦਣਾ ਹੈ। ***

# ਬਾਬਾ ਜਗਤਾ ਜੀ

ਬਾਬਾ ਸਾਹਿਬ ਸਿੰਘ ਜੀ ਬੇਦੀ ਦਾ ਪੰਥ ਵਿੱਚ ਬੜਾ ਹੀ ਸਤਿਕਾਰ ਸੀ। ਸੇਵਾ ਪੰਥੀ ਤਾਂ ਉਨ੍ਹਾਂ ਉੱਪਰ ਵੱਡੀ ਸ਼ਰਧਾ ਰੱਖਦੇ ਸਨ। ਬੇਦੀ ਸਾਹਿਬ ਜੀ ਨੇ ਸਿੱਖ ਧਰਮ ਦਾ ਬੜਾ ਹੀ ਪ੍ਰਚਾਰ ਕੀਤਾ। ਇਨ੍ਹਾਂ ਨੇ ਚੋਖੇ ਇਲਾਕੇ ਤੇ ਕਬਜ਼ਾ ਕੀਤਾ ਹੋਇਆ ਸੀ, ਇਨ੍ਹਾਂ ਦੀ ਰਾਜਧਾਨੀ ਊਨਾ ਸਾਹਿਬ ਸੀ।

ਭਾਈ ਦੁੱਖ-ਭੰਜਨ ਸਾਹਿਬ ਜੀ ਨੂੰ ਬਾਬਾ ਜੀ ਸਤਿਸੰਗ ਅਤੇ ਕੀਰਤਨ ਲਈ ਆਪਣੇ ਕੋਲ ਬੜੇ ਸਤਿਕਾਰ ਨਾਲ ਲੈ ਗਏ ਸਨ। ਭਾਈ ਦੁੱਖ ਭੰਜਨ ਜੀ ਸਨ, ਜਿਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਪੁੱਛਿਆ ਸੀ, "ਕੀ ਤੁਹਾਨੂੰ ਜਪੁ ਜੀ ਸਾਹਿਬ ਜੀ ਕੰਠ ਹੈ?" ਮਹਾਰਾਜਾ ਰਣਜੀਤ ਸਿੰਘ ਜੀ ਲੱਜਾ ਕਰਕੇ ਚੁੱਪ ਕਰ ਰਹੇ।

ਭਾਈ ਸਾਹਿਬ ਜੀ ਬੋਲੇ, "ਇਹ ਕਿਤਨੀ ਮਾੜੀ ਗੱਲ ਹੈ ਕਿ ਤੈਨੂੰ ਜਪੁ ਜੀ ਸਾਹਿਬ ਭੀ ਯਾਦ ਨਾ ਹੋਵੇ। ਹੁਣ ਤੋਂ ਸ਼ੁਰੂ ਕਰ ਦਿਓ।"

ਮਹਾਰਾਜਾ ਰਣਜੀਤ ਸਿੰਘ ਜੀ ਹੱਥ ਜੋੜ ਕੇ ਬੋਲੇ, "ਜਪੁ ਜੀ ਸਾਹਿਬ ਜੀ ਦਾ ਅਰੰਭ ਤੁਸੀ ਕਰਵਾ ਦਿਓ।"

ਭਾਈ ਸਾਹਿਬ ਜੀ ਨੇ ਮੂਲ-ਮੰਤਰ ਉਸੇ ਵੇਲੇ ਯਾਦ ਕਰਵਾ ਦਿੱਤਾ।

ਮੂਲ-ਮੰਤਰ ਯਾਦ ਕਰਨ ਤੋਂ ਪਿਛੋਂ ਮਹਾਰਾਜਾ ਰਣਜੀਤ ਸਿੰਘ ਜੀ ਬੋਲੇ, "ਕਿਰਪਾ ਕਰਕੇ ਮੇਰੀ ਝੋਲੀ ਵਿੱਚ ਭੇਹਰਾ ਪਾ ਦਿਓ।"

ਭਾਈ ਦੁੱਖ-ਭੰਜਨ ਜੀ ਬੋਲੇ, "ਭੇਹਰਾ ਤੈਨੂੰ ਦਿੱਤਾ ਪਰ ਵੇਖੀਂ ਸਾਡੀਆਂ ਚਿੜੀਆਂ ਨਾ ਮਾਰਨ ਲੱਗ ਪਈਂ। ਜਿਨ੍ਹਾਂ ਲੋਕਾਂ ਨੂੰ ਅਸੀਂ ਖੂਹ ਦਿੱਤੇ ਹੋਏ ਹਨ, ਉਹ ਨਾ ਖੋਹ ਲੈਣੇ।"

ਮਹਾਰਾਜਾ ਰਣਜੀਤ ਸਿੰਘ ਜੀ ਨੇ ਭਾਈ ਦੁੱਖ ਭੰਜਨ ਜੀ ਦੇ ਬਚਨਾਂ ਉੱਪਰ ਫੁੱਲ ਚੜ੍ਹਾਏ।

ਭਾਈ ਦੁਖ ਭੰਜਨ ਜੀ ਤੋਂ ਪਿੱਛੋਂ ਬਾਬਾ ਸਾਹਿਬ ਸਿੰਘ ਜੀ ਨੇ ਉਨ੍ਹਾਂ ਦੇ ਚੇਲੇ ਭਾਈ ਬੱਲੂ ਜੀ ਨੂੰ ਪਿਆਰ ਅਤੇ ਸਤਿਕਾਰ ਨਾਲ ਕਥਾ, ਕੀਰਤਨ ਤੇ ਸਤਿਸੰਗ ਕਰਨ ਲਈ ਆਪਣੇ ਪਾਸ ਰੱਖਿਆ। ਭਾਈ ਬੱਲੂ ਜੀ ਬੜੇ ਬੇਪ੍ਰਵਾਹ ਸਨ, ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਜਿਹੜਾ ਵਜੀਰ ਸਿੰਘ ਉਨ੍ਹਾਂ ਦਾ ਪ੍ਰੇਮੀ ਬਹਾਨੇ ਨਾਲ ਲੈਣ ਲਈ ਆਇਆ ਸੀ, ਉਸ ਦੀ ਭੇਟਾ ਵਾਪਸ ਕਰ ਦਿੱਤੀ ਸੀ ਤੇ ਸੰਦੇਸ਼ ਦਿੱਤਾ ਸੀ ਕਿ ਉਹ ਉਨ੍ਹਾਂ ਨੂੰ ਫੇਰ ਕਦੀ ਮੂੰਹ ਨਾ ਵਿਖਾਉਣ।

ਇਕ ਵਾਰ ਬਾਬਾ ਸਾਹਿਬ ਸਿੰਘ ਜੀ ਬੇਦੀ ਦੀ ਧਰਮ ਪਤਨੀ ਨੇ ਬਾਬਾ ਜੀ ਨੂੰ ਕਿਹਾ ਸੀ, "ਤੁਸੀਂ ਇਨ੍ਹਾ ਲੋਕਾਂ ਦੀ ਇਤਨੀ ਇੱਜ਼ਤ ਕਰਦੇ ਹੋ, ਤੁਸੀਂ ਗੁਰੂ ਵੰਸ਼ ਵਿੱਚੋਂ ਹੋ, ਤੁਸੀਂ ਇਨ੍ਹਾਂ ਦੀ ਜਾਤ-ਪਾਤ ਨਹੀ ਪੁੱਛੀ, ਸੋ ਇਹ ਕੌਣ ਹਨ।"

ਬਾਬਾ ਜੀ ਨੇ ਕਿਹਾ, "ਤੂੰ ਏਨ੍ਹਾਂ ਨੂੰ ਸਾਕ ਕਰਨਾ ਹੈ?

ਮਾਤਾ ਅਨੰਤੀ ਜੀ ਨੇ ਆਪਣੀ ਕੀਤੀ ਹੋਈ ਭੁੱਲ ਲਈ ਖਿਮਾ ਮੰਗੀ।

ਇਕ ਵਾਰ ਭਾਈ ਬੱਲੂ ਜੀ ਕਥਾ ਕਰ ਰਹੇ ਸਨ। ਉਨ੍ਹਾਂ ਨੇ ਮਹਾਂਪੁਰਖਾਂ ਦੇ ਛੇ ਲੱਛਣ ਦੱਸੇ:

1. ਉਹ ਰਾਮ ਦਾ ਨਾਮ ਜਪਦੇ ਹਨ ਅਤੇ ਧਿਆਨ ਵਿਆਪਕ ਪ੍ਰਭੂ ਜੀ ਦਾ ਧਾਰਦੇ ਹਨ।
2. ਉਨ੍ਹਾਂ ਦੇ ਗਿਆਨ ਵਿੱਚ ਦੁੱਖ ਅਤੇ ਸੁੱਖ ਇਕੋ ਜਿਹੇ ਹਨ, ਉਹ ਹਰ ਸਮੇਂ ਆਪਣੇ ਮਾਲਕ ਨਾਲ ਜੁੜੇ ਰਹਿੰਦੇ ਹਨ। ਉਨ੍ਹਾਂ ਦਾ ਮਨ ਗੰਗਾਂ ਦੇ ਪਾਣੀ ਵਾਂਗ ਨਿਰਮਲ ਰਹਿੰਦਾ ਹੈ ਅਤੇ ਵੈਰ-ਭਾਵ ਉਨ੍ਹਾਂ ਦੇ ਨੇੜੇ ਨਹੀਂ ਢੁੱਕਦਾ।
3. ਉਹ ਸਾਰੇ ਜੀਵਾਂ ਉੱਪਰ ਦਇਆ ਅਤੇ ਤਰਸ ਕਰਦੇ ਹਨ। ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਨੇੜੇ ਨਹੀਂ ਢੁਕਣ ਦਿੰਦੇ। ਉਹ ਸ਼ਬਦ, ਸਪਰਸ਼, ਰੂਪ, ਰਸ ਅਤੇ ਗੰਧ ਆਦਿ ਇੰਦਰੀਆਂ ਦੇ ਵਿਸ਼ਿਆਂ ਤੋਂ ਦੂਰ ਰਹਿੰਦੇ ਹਨ।
4. ਉਨ੍ਹਾਂ ਦੀ ਅਸਲ ਖੁਰਾਕ ਪ੍ਰਭੂ ਦਾ ਕੀਰਤਨ ਹੈ, ਉਹ ਸੰਸਾਰ ਵਿੱਚੋਂ ਇਸ ਤਰਾਂ ਨਿਰਲੇਪ ਰਹਿੰਦੇ ਹਨ, ਜਿਸ ਤਰ੍ਹਾਂ ਪਾਣੀ ਵਿੱਚ ਰਹਿੰਦਾ ਹੋਇਆ ਕਮਲ।
5. ਉਹ ਬੜੀ ਸ਼ਰਧਾ ਨਾਲ ਬੰਦਗੀ ਕਰਦੇ ਹਨ। ਵੈਰੀ ਅਤੇ ਮਿੱਤਰ ਨੂੰ ਇਕੋ ਜਿਹੀ ਸਲਾਹ ਦਿੰਦੇ ਹਨ।
6. ਉਹ ਕਦੇ ਭੀ ਕਿਸੇ ਦੀ ਭੀ ਨਿੰਦਿਆ ਆਪਣੇ ਕੰਨਾਂ ਨਾਲ ਨਹੀਂ ਸੁਣਦੇ। ਉਹ ਆਪਾ ਤਿਆਗ ਕੇ ਸਭ ਦੇ ਚਰਨਾਂ ਦੀ ਧੂੜੀ ਬਣ ਕੇ ਰਹਿੰਦੇ ਹਨ।

ਗਿਆਨਵਾਨ ਦੀਆਂ ਸੱਤ ਭੂਮਿਕਾ ਮੰਨੀਆਂ ਜਾਂਦੀਆਂ ਹਨ। ਅਸਲ ਵਿੱਚ ਇਹ ਪੌੜੀ ਦੇ ਸੱਤ ਡੰਡੇ ਹਨ। ਪੌੜੀ ਚੜ੍ਹਨ ਵਾਲਾ ਜਿਉਂ-ਜਿਉਂ ਉੱਪਰ ਚੜ੍ਹਦਾ ਜਾਂਦਾ ਹੈ, ਉਹ ਪੈਰ ਰੱਖਣ ਵਾਲੇ ਡੰਡੇ ਪਿੱਛੇ ਛੱਡੀ ਜਾਂਦਾ ਹੈ। ਪੜ੍ਹਾਈ ਵਾਲਾ ਜਮਾਤਾਂ ਛੱਡਦਾ ਹੈ ਪਰ ਜਮਾਤਾਂ ਵਿੱਚੋਂ ਪ੍ਰਾਪਤ ਕੀਤਾ ਗਿਆਨ ਨਹੀਂ ਛੱਡਦਾ।

1. ਚੰਗੀਆਂ ਇੱਛਾਵਾਂ ਤੇ ਚੰਗੇ ਫੁਰਨਿਆਂ ਨਾਲ ਮਨ ਭਰਿਆ ਰਹੇ। ਮਾੜਾ ਫੁਰਨਾ ਜਾਂ ਇੱਛਾ ਨੇੜੇ ਨਾ ਢੁਕੇ। ਜਿਵੇਂ ਸਿਆਣਾ ਕਿਸਾਨ ਆਪਣੀ ਪੈਲੀ ਵਿੱਚ ਫ਼ਸਲ ਤੋਂ ਬਿਨਾਂ ਹੋਰ ਕੋਈ ਘਾਹ ਜਾਂ ਬੂਟੀਆਂ ਨਹੀਂ ਪੈਦਾ ਹੋਣ ਦਿੰਦਾ। ਜੇ ਕੋਈ ਉੱਗ ਭੀ ਪਵੇ ਤਾਂ ਉਸ ਵੇਲੇ ਜੜ੍ਹਾਂ ਤੋਂ ਪੁੱਟ ਦਿੰਦਾ ਹੈ।
2. ਚੰਗੇ ਨਿਰਣਾ ਕਰ ਲੈਣ ਵਾਲੇ ਵਿਚਾਰ, ਆਪਣੇ ਸੰਬੰਧੀ ਅਤੇ ਪ੍ਰਭੂ ਸੰਬੰਧੀ ਠੀਕ-ਠਾਕ ਜਾਣ ਲੈਣਾ।
3. ਮਨ ਦੀਆਂ ਵਾਸ਼ਨਾਵਾਂ ਦਾ ਖ਼ਤਮ ਹੋ ਜਾਣਾ। ਮਾੜੇ ਫੁਰਨੇ ਤੱਕ ਬੰਦ ਹੋ ਜਾਣੇ। ਕੋਈ ਮਾੜੀ ਵਾਸ਼ਨਾ ਮਨ ਦੇ ਨੇੜੇ ਨਾ ਢੁਕਣੀ। ਮਨ ਮੈਲਾ ਤੋਂ ਦੂਰ ਹੋ ਜਾਣਾ।
4. ਆਤਮਿਕ ਤੌਰ ਉੱਪਰ ਜਾਗ ਪੈਣਾ। ਜਿਸ ਤਰ੍ਹਾਂ ਜਾਗਣ ਪਿਛੋਂ ਸਾਰਾ ਸੰਸਾਰ ਅਤੇ ਉਸ

ਵਿਚਲੇ ਪਦਾਰਥਾਂ ਦਾ ਗਿਆਨ ਹੋ ਜਾਂਦਾ ਹੈ। ਇਸ ਤਰ੍ਹਾਂ ਸੁਭਾਵਿਕ ਹੀ ਅਸਲੀਅਤ ਦਾ ਪੂਰਾ-ਪੂਰਾ ਪਤਾ ਲੱਗ ਜਾਣਾ। ਸਾਰਾ ਸੰਸਾਰ ਆਤਮਿਕ ਰੂਪ ਅਨੁਭਵ ਹੋਣ ਲੱਗ ਪੈਣਾ।

5. ਹੰਕਾਰ ਅਤੇ ਮੋਹ ਦੀ ਜੜ੍ਹ ਪੁੱਟੀ ਜਾਣੀ। ਜਿਵੇਂ ਸੁਪਨੇ ਦੀ ਬਾਦਸ਼ਾਹੀ ਦਾ ਜਾਗ ਕੇ ਨਾ ਮੋਹ ਰਹਿੰਦਾ ਹੈ, ਨਾ ਸੁਪਨ-ਰਾਜ ਕਰਕੇ ਮਨ ਵਿੱਚ ਹੰਕਾਰ ਪੈਦਾ ਹੁੰਦਾ ਹੈ। ਉਸ ਨੂੰ ਸਾਰੇ ਸੰਸਾਰ ਦੇ ਪਦਾਰਥ ਨੂੰ ਸੁਪਨੇ ਦੇ ਪਦਾਰਥ ਵਾਂਗ ਅਨੁਭਵ ਹੁੰਦੇ ਹਨ।

6. ਸਭ ਕੁਝ ਗੁੰਮ ਜਿਵੇਂ ਡੂੰਘੀ ਨੀਂਦਰ ਵੇਲੇ ਕੁਝ ਭੀ ਯਾਦ ਨਹੀਂ ਰਹਿੰਦਾ। ਨਾ ਜਾਗ ਯਾਦ ਰਹਿੰਦੀ ਹੈ, ਨਾ ਸੁਪਨਾ ਯਾਦ ਰਹਿੰਦਾ ਹੈ, ਦੋਵੇਂ ਸੰਸਾਰ ਗੁੰਮ ਹੋ ਜਾਂਦੇ ਹਨ। ਸਿਰਫ਼ ਸੁੱਖ ਅਤੇ ਅਨੰਦ ਯਾਦ ਰਹਿ ਜਾਂਦਾ ਹੈ।

7. ਅਖੀਰ ਨੂੰ ਜਾਗ੍ਰਿਤ, ਸੁਪਨ ਅਤੇ ਸਖੋਪਤੀ ਭੀ ਖਤਮ ਹੋ ਜਾਂਦੀ ਹੈ। ਆਤਮਿਕ ਤੱਤ ਤੋਂ ਬਿਨਾਂ ਸਾਰੇ ਸੰਸਕਾਰ, ਅਭਾਸ ਅਤੇ ਸੁਭਾਵ ਖਤਮ ਹੋ ਜਾਂਦੇ ਹਨ।

ਜਦੋਂ ਬੇਦੀ ਸਾਹਿਬ ਜੀ ਨੇ ਪਾਰਸ ਭਾਗ ਅਤੇ ਗੁਰਬਾਣੀ ਅਨੁਸਾਰ ਇਹ ਲੱਛਣ ਸੁਣੇ ਤਾਂ ਭਾਈ ਬਲੂ ਜੀ ਨੂੰ ਕਹਿਣ ਲੱਗੇ, "ਸੇਵਾ ਪੰਥੀਆਂ ਵਿੱਚ ਬੜੀ ਭਾਰੀ ਗਿਣਤੀ ਵਿੱਚ ਮਹਾਂਪੁਰਖ ਹੋਏ ਹਨ ਕੀ ਅੱਜ ਕੱਲ੍ਹ ਭੀ ਕੋਈ ਇਨ੍ਹਾਂ ਨਿਸ਼ਾਨੀਆਂ ਵਾਲਾ ਮਹਾਂਪੁਰਖ ਹੈ?"

ਭਾਈ ਬੱਲੂ ਜੀ ਬੋਲੇ, "ਅੱਜ-ਕੱਲ੍ਹ, ਮਹਾਂਪੁਰਖ ਹਨ, ਉਨ੍ਹਾਂ ਦਾ ਪਵਿੱਤਰ ਨਾਮ ਭਾਈ ਜਗਤਾ ਜੀ ਹੈ। ਉਹ ਭਾਈ ਸੇਵਾ ਰਾਮ ਜੀ ਦੇ ਅਸਥਾਨ ਤੇ ਨਾਮ ਬਾਣੀ ਦੀ ਗੰਗਾ ਵਗਾ ਰਹੇ ਹਨ।"

ਮਾਤਾ ਅਨੰਤੀ ਜੀ ਆਪਣੇ ਪਤੀ ਬਾਬਾ ਸਾਹਿਬ ਸਿੰਘ ਜੀ ਨੂੰ ਕਹਿਣ ਲੱਗੀ, "ਜੀ ਕਿਰਪਾ ਕਰਕੇ ਉਹਨਾਂ ਨੂੰ ਸੱਦ ਭੇਜੋ, ਅਸੀਂ ਭੀ ਦਰਸ਼ਨ ਕਰ ਲਈਏ।

ਬਾਬਾ ਜੀ ਬੋਲੇ, "ਮਹਾਂਪੁਰਖਾਂ ਦੇ ਦਰਸ਼ਨ ਨੰਗੀ ਪੈਰੀਂ ਚੱਲ ਕੇ ਆਪ ਕਰੀਦੇ ਹਨ। ਅਜਿਹੀ ਯਾਤਰਾ ਦਾ ਇੱਕ-ਇੱਕ ਕਦਮ ਦਾ ਫਲ ਅਸਮੇਧ ਯੱਗ ਹੈ। ਇਹ ਖ਼ਿਆਲ ਕਰਨਾ ਕਿ ਮਹਾਂਪੁਰਖਾਂ ਨੂੰ ਆਪਣੇ ਕੋਲ ਸੱਦਿਆ ਜਾਵੇ, ਸੋਭਨੀਕ ਨਹੀਂ ਹੈ।"

ਬਾਬਾ ਸਾਹਿਬ ਸਿੰਘ ਜੀ ਦਾ ਅਤੇ ਭਾਈ ਜਗਤਾ ਜੀ ਦੀ ਆਪਸ ਵਿੱਚ ਸਰੀਰਕ ਮੇਲ ਨਹੀਂ ਸੀ ਹੋਇਆ। ਪਰ ਮਨ ਕਰਕੇ ਉਹ ਇਕ ਦੂਜੇ ਵਿੱਚ ਤਾਣੇ-ਪੇਟੇ ਵਾਂਗ ਸਨ।

ਅਸਲ ਮਿਲਾਪ ਸਰੀਰ ਦਾ ਨਹੀਂ ਹੁੰਦਾ, ਆਤਮਾ ਦਾ ਹੁੰਦਾ ਹੈ। ਸਰੀਰ ਤਾਂ ਵਿੱਛੜਨ ਵਾਲੇ ਹੁੰਦੇ ਹਨ, ਤਬਦੀਲ ਹੁੰਦੇ ਰਹਿੰਦੇ ਹਨ, ਪਹਿਲਾਂ ਉੱਪਰ ਨੂੰ ਜਾਂਦੇ ਹਨ, ਫਿਰ ਹੇਠਾਂ ਡਿੱਗਦੇ ਹਨ ਅਤੇ ਖ਼ਤਮ ਹੋ ਜਾਂਦੇ ਹਨ। ਸਰੀਰਾਂ ਦਾ ਪ੍ਰੇਮ ਭੀ ਸਰੀਰ ਵਾਂਗ ਹੁੰਦਾ ਹੈ, ਨਾ ਉਹ ਸਦਾ ਕਾਇਮ ਰਹਿੰਦਾ ਹੈ ਅਤੇ ਨਾ ਇੱਕ ਰਸ ਰਹਿੰਦਾ ਹੈ।

* * *

# ਨੂਰਪੁਰ ਦੀ ਨਵਉਸਾਰੀ

ਭਾਈ ਦੁੱਖ-ਭੰਜਨ ਜੀ ਨੇ ਨੂਰਪੁਰ, ਭਾਈ ਸੇਵਾ ਰਾਮ ਜੀ ਦੀ ਬਾਰਾਂਦਰੀ ਦੀ ਨਵੀਂ ਉਸਾਰੀ ਕਰਨ ਦਾ ਫ਼ੈਸਲਾ ਕਰ ਲਿਆ। ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਟਿਵਾਣਿਆਂ ਦੇ ਵੈਰ ਅਤੇ ਈਰਖਾ ਕਰਕੇ ਭਾਈ ਭੱਲਾ ਰਾਮ ਜੀ ਤਾਂ ਚਲੇ ਗਏ ਹਨ। ਭਾਈ ਜਗਤਾ ਜੀ ਪਰਉਪਕਾਰੀ ਹਨ, ਜੋ ਕੁਝ ਆਉਂਦਾ ਹੈ, ਉਸੇ ਵੇਲੇ ਲੋੜਵੰਦਾਂ ਵਿੱਚ ਵੰਡ ਦਿੰਦੇ ਹਨ। ਭਾਈ ਦੁੱਖ-ਭੰਜਨ ਜੀ ਨੇ ਚਾਰ-ਚੁਫੇਰੇ ਸਾਧੂਆਂ ਨੂੰ ਸੁਨੇਹੇ ਭੇਜ ਦਿੱਤੇ ਅਤੇ ਭਾਈ ਜਗਤਾ ਜੀ ਨੂੰ ਭੀ ਕਹਿ ਭੇਜਿਆ ਕਿ ਅਸੀਂ ਬਾਰਾਂਦਰੀ ਦੀ ਨਵ-ਉਸਾਰੀ ਕਰਨ ਲਈ ਸੰਗਤਾਂ ਨਾਲ ਲੈ ਕੇ ਆ ਰਹੇ ਹਾਂ।

ਭਾਈ ਹਜ਼ਾਰੀ ਜੀ ਨੱਠੇ-ਨੱਠੇ ਭਾਈ ਜਗਤਾ ਜੀ ਕੋਲ ਆਏ ਅਤੇ ਕਹਿਣ ਲੱਗੇ, "ਉਸਾਰੀ ਦਾ ਕੰਮ ਬੜਾ ਵੱਡਾ ਹੈ, ਇਸ ਲਈ ਕਾਰੀਗਰ ਚਾਹੀਦੇ ਹਨ। ਉਸਾਰੀ ਦਾ ਸਮਾਨ ਚਾਹੀਦਾ ਹੈ। ਆਈਆਂ ਸੰਗਤਾਂ ਨੂੰ ਜਲ-ਪਾਣੀ ਅਤੇ ਪ੍ਰਸ਼ਾਦ ਛਕਾਉਣਾ ਹੈ। ਬਹੁਤ ਸਾਰਾ ਉਸਾਰੀ ਦਾ ਸਮਾਨ ਚਾਹੀਦਾ ਹੈ, ਤੁਸੀਂ ਕੁੱਝ ਹਥ ਘੁੱਟੋ ਤਾਂਕਿ ਚਾਰ ਪੈਸੇ ਇਕੱਠੇ ਹੋ ਜਾਣ।"

ਭਾਈ ਜਗਤਾ ਜੀ ਹੱਸ ਕੇ ਕਹਿਣ ਲੱਗੇ, "ਮੈਂ ਤਾਂ ਪਹਿਲੇ ਹੀ ਹੱਥ ਸੰਕੋਚ ਕੇ ਰੱਖੇ ਹਨ, ਜੋ ਕੁਝ ਆਉਂਦਾ ਹੈ, ਉਹ ਤੇ ਆਉਂਦਿਆਂ-ਆਉਂਦਿਆਂ ਹੱਥਾਂ ਵਿੱਚੋਂ ਉਡਾਰੀ ਮਾਰ ਕੇ ਚਲਿਆ ਜਾਂਦਾ ਹੈ। ਤੁਸੀਂ ਸੰਗਤਾਂ ਲਈ ਪਹਿਲੋਂ ਇਕ ਡੰਗ ਦਾ ਲੰਗਰ ਤਿਆਰ ਕਰ ਲਵੋ, ਫਿਰ ਭਾਈ ਦੁੱਖ-ਭੰਜਨ ਸਾਹਿਬ ਜੀ ਲੰਗਰ ਚਲਾਉਣਗੇ ਅਤੇ ਅਸੀਂ ਨਾਲ ਬੈਠ ਕੇ ਛਕਿਆ ਕਰਾਂਗੇ।" ਭਾਈ ਹਜ਼ਾਰੀ ਜੀ ਇਹ ਉੱਤਰ ਸੁਣ ਕੇ ਵਾਪਸ ਲੰਗਰ ਵਿੱਚ ਚਲੇ ਗਏ।

ਸੰਦੇਸ਼ ਅਨੁਸਾਰ ਭਾਈ ਦੁੱਖ-ਭੰਜਨ ਜੀ ਨੂਰਪੁਰ ਪਹੁੰਚ ਗਏ। ਉਨ੍ਹਾਂ ਦੇ ਸਤਿਕਾਰ ਲਈ ਸੰਗਤਾਂ ਹੁੰਮ ਹੁੰਮਾ ਕੇ ਪਹਿਲੇ ਹੀ ਪਹੁੰਚੀਆਂ ਹੋਈਆਂ ਸਨ।

ਭਾਈ ਜੀ ਨੇ ਕੰਮ ਦੀ ਵੰਡ ਕਰ ਦਿੱਤੀ। ਭਾਈ ਧੱਧੂ ਜੀ ਨੂੰ ਸੁੱਕੀਆਂ ਅਤੇ ਪੱਕੀਆਂ ਟਾਹਲੀ ਦੀਆਂ ਅਤੇ ਕਿੱਕਰ ਦੀਆਂ ਲੱਕੜਾਂ ਲਿਆਉਣ ਲਈ ਕਿਹਾ। ਉਨ੍ਹਾਂ ਨੂੰ ਜਿਤਨੇ ਊਠ ਮਿਲੇ ਉਹ ਲੱਕੜਾਂ ਲੱਦ ਕੇ ਲੈ ਆਏ ਅਤੇ ਰਹਿੰਦੀਆਂ ਲੱਕੜਾਂ ਦੂਜੇ ਫੇਰੇ ਲੈ ਜਾਵਾਂਗੇ ਕਹਿ ਕੇ ਆਏ।

ਖੁਸ਼ਾਬ ਤੋਂ ਕਾਰੀਗਰ ਬੁਲਾ ਲਏ ਅਤੇ ਉਨ੍ਹਾਂ ਨੂੰ ਕਿਹਾ ਕਿ ਚੰਗੇ ਤੋਂ ਚੰਗਾ ਨਵੀਂ ਬਾਰਾਂਦਰੀ ਦਾ ਨਕਸ਼ਾ ਬਣਾਉ। ਜਿੱਥੇ ਪਹਿਲਾਂ ਨੀਂਹਾਂ ਧਰੀਆਂ ਹੋਈਆਂ ਹਨ, ਉੱਚੀ ਕਾਠੀ ਭਰ ਕੇ ਉਥੇ ਹੀ ਉਸਾਰੀ ਕਰਨੀ ਹੈ। ਨੀਂਹ ਨਹੀਂ ਬਦਲਣੀ।

ਕਾਰੀਗਰ ਬਾਰਾਂਦਰੀ ਵੇਖ ਕੇ ਕਹਿਣ ਲੱਗੇ, "ਇਸ ਤੋਂ ਚੰਗਾ ਹੋਰ ਕੋਈ ਨਕਸ਼ਾ ਨਹੀਂ ਬਣ ਸਕਦਾ। ਇਸ ਵਿੱਚ ਬੜਾ ਸੁਹਜ ਅਤੇ ਪ੍ਰਭਾਵ ਹੈ।"

ਭਾਈ ਹਜ਼ਾਰੀ ਜੀ ਨੂੰ ਕਿਹਾ, "ਤੁਸੀਂ ਮੋਟੇ ਅਤੇ ਲੰਮੇ ਕਾਨੇ ਲਿਆਓ, ਆਪਣੇ ਨਾਲ ਤਕੜੇ ਅਤੇ ਕਰੜੇ ਸਾਥੀ ਲੈ ਜਾਓ।"

ਭਾਈ ਧੱਜ ਜੀ ਨੂੰ ਕਿਹਾ, "ਤੁਸੀਂ ਸਾਰੇ ਲੰਗਰ ਦਾ ਪ੍ਰਬੰਧ ਕਰਨਾ ਹੈ। ਲੰਗਰ ਲਈ ਜੋ ਕੁਝ ਚਾਹੀਦਾ ਹੈ, ਇਕੱਠਾ ਕਰਨਾ ਹੈ। ਇਕ ਗੱਲ ਯਾਦ ਰੱਖਣੀ, ਭਾਈ ਜਗਤਾ ਜੀ ਦਾ ਹੱਥ ਨਹੀਂ ਰੋਕਣਾ। ਜੇ ਉਹ ਆਪ ਭੀ ਆ ਕੇ ਆਪੇ ਲੰਗਰ ਵਿੱਚੋਂ ਕੋਈ ਚੀਜ਼ ਲੈ ਜਾਣ ਤਾਂ ਲੈ ਜਾਣ ਦੇਣੀ। ਉਹ ਗਰੀਬਾਂ ਵਿੱਚ ਲੰਗਰ ਵੰਡਦੇ ਹਨ। ਸਭ ਤੋਂ ਚੰਗਾ ਕੰਮ ਕਰਦੇ ਹਨ। ਭਾਈ ਬੱਲੂ ਜੀ ਨੂੰ ਕਿਹਾ, "ਤੁਸੀਂ ਰੋਟੀਆਂ ਪਕਾਉਣੀਆਂ ਹਨ, ਕਿਸੇ ਵੇਲੇ ਲੋੜ ਪਏ ਤਾਂ ਤੰਦੂਰ ਭੀ ਤਪਾ ਲੈਣੇ।

ਭਾਈ ਬੁੱਧੂ ਜੀ, ਭਾਈ ਵਿਸਾਖੀ ਰਾਮ ਅਤੇ ਭਾਈ ਵੀਰੂ ਜੀ ਨੂੰ ਕਿਹਾ, ''ਸਾਰੀ ਹੋ ਰਹੀ ਉਸਾਰੀ ਦਾ ਅਤੇ ਸੰਗਤਾਂ ਦੀ ਟਹਿਲ ਸੇਵਾ ਦਾ ਉਚੇਚਾ ਧਿਆਨ ਰੱਖਣਾ।''

ਜਦੋਂ ਭਾਈ ਹਜ਼ਾਰੀ ਜੀ ਨੂੰ ਕਾਨੇ ਲਿਆਉਂਦਾ ਵੇਖਿਆ ਤਾਂ ਭਾਈ ਦੁੱਖ-ਭੰਜਨ ਜੀ ਨੇ ਅੱਗੇ ਹੋ ਕੇ ਕਿਹਾ, ''ਦਾਸ ਭੰਜਨ ਮੱਥਾ ਟੇਕਦਾ ਹੈ।''

ਭਾਈ ਹਜ਼ਾਰੀ ਜੀ ਅਤੇ ਭਾਈ ਮੂਲਾ ਜੀ, ਸਾਰੇ ਸਾਧੂ ਭਾਈ ਦੁੱਖ-ਭੰਜਨ ਜੀ ਦੇ ਚਰਨਾਂ ਉੱਪਰ ਢਹਿ ਪਏ। ਭਾਈ ਦੁੱਖ-ਭੰਜਨ ਜੀ ਦੇ ਚਾਰ ਸ਼ਬਦਾਂ ਨੇ ਉਨ੍ਹਾਂ ਦਾ ਕਈ ਦਿਨਾਂ ਦਾ ਥਕੇਵਾਂ ਅਤੇ ਅਨੀਂਦਰਾ ਦੂਰ ਕਰ ਦਿੱਤਾ।

ਉਹ ਉੱਠ ਕੇ ਕਹਿਣ ਲੱਗੇ, ''ਕਿਰਪਾ ਕਰਕੇ ਆਗਿਆ ਬਖ਼ਸ਼ੋ, ਅਸੀਂ ਦੂਜਾ ਫੇਰਾ ਲੈ ਆਈਏ।''

ਲੱਕੜਾਂ ਵਾਲਿਆਂ ਨੇ ਭੀ ਕਿਹਾ, ''ਕਿਰਪਾ ਕਰਕੇ ਆਗਿਆ ਦਿਉ, ਤੀਜਾ ਫੇਰਾ ਲੈ ਆਈਏ।''

ਉਸਾਰੀ ਦੇ ਸਮਾਨ ਦੇ ਉਚੇ-ਉਚੇ ਢੇਰ ਲੱਗ ਗਏ। ਲੰਗਰ ਦੇ ਸਮਾਨ ਨਾਲ ਕੋਠੇ ਤੂਸੇ ਗਏ। ਭਾਈ ਦੁੱਖ-ਭੰਜਨ ਜੀ ਨੇ ਵੇਖਿਆ ਕਿ ਸੇਵਾ ਕਰਨ ਵਾਲਿਆਂ ਵਿੱਚ ਇਸਤਰੀਆਂ ਦੀ ਭਾਰੀ ਗਿਣਤੀ ਹੈ।

ਭਾਈ ਦੁੱਖ-ਭੰਜਨ ਜੀ ਨੇ ਜੁੜੀ ਸੰਗਤ ਨੂੰ ਕਿਹਾ, '' ਜਿਹੜੇ ਸਾਧੂ ਇਕਾਂਤ ਵਿੱਚ ਜਨਾਨੀ ਨਾਲ ਕਈ ਕਈ ਘੰਟੇ ਗੁਜ਼ਾਰਦੇ ਹਨ। ਉਨ੍ਹਾਂ ਦੀਆਂ ਉਹ ਆਪ ਜਾਣਨ। ਅਸੀਂ ਤਾਂ ਕਮਜ਼ੋਰ ਮਨ ਵਾਲੇ ਹਾਂ। ਸਾਨੂੰ ਤਾਂ ਮਨ ਉੱਪਰ ਬੜੀ ਕਰੜਾਈ ਨਾਲ ਪਹਿਰਾ ਦੇਣਾ ਪੈਂਦਾ ਹੈ। ਸਾਡੇ ਮਨ ਵਿੱਚ ਆਸ਼ਾ, ਤ੍ਰਿਸ਼ਨਾ ਦੀਆਂ ਦੋ ਡੈਣਾਂ ਰਹਿੰਦੀਆਂ ਹਨ, ਜੋ ਕਾਲਜੇ ਦੀਆਂ ਬੋਟੀਆਂ ਤੋੜ-ਤੋੜ ਖਾਂਦੀਆਂ ਰਹਿੰਦੀਆਂ ਹਨ। ਸਾਡੇ ਅੰਦਰ ਚੰਗੀ ਅਤੇ ਮਾੜੀ ਬੁੱਧੀ ਦੀਆਂ ਦੋ ਇਸਤਰੀਆਂ ਹਨ। ਜੋ ਹਾਲ ਦੋ ਇਸਤਰੀਆਂ ਵਾਲਿਆਂ ਦਾ ਹੁੰਦਾ ਹੈ, ਇੱਕ ਅੱਗੇ ਖੜ੍ਹੇ ਕੇ ਮਾਰਦੀ ਹੈ, ਦੂਜੀ ਪਿਛੋਂ ਠੋਕੀ ਜਾਂਦੀ ਹੈ। ਉਹੋ ਹਾਲ ਸਾਡਾ ਹੈ। ਸਾਡੇ ਕਮਜ਼ੋਰਾਂ ਅੰਦਰ ਚੰਗੇ ਅਤੇ ਮੰਦੇ ਖ਼ਿਆਲਾਂ ਦੇ ਦੋ ਹਾਥੀ ਹਨ, ਅਸੀਂ ਕੇਲਿਆਂ ਦੇ ਬਨ ਵਾਂਗ ਹਾਂ, ਇਹ ਲੜਦੇ, ਚਿਘਾੜਦੇ ਅਤੇ ਇੱਕ ਦੂਜੇ ਨੂੰ ਧੱਕ ਕੇ ਕਦੇ ਚੰਗੇ ਪਾਸੇ ਅਤੇ ਕਦੇ ਮੰਦੇ ਪਾਸੇ ਲੈ ਜਾਂਦੇ ਹਨ। ਅਸੀਂ ਡਰਦੇ ਮਾਰੇ ਕਦੇ ਇਸ ਪਾਸੇ ਅਤੇ ਕਦੇ ਉਸ ਪਾਸੇ ਜਾਨ ਲੁਕਾਉਂਦੇ ਫਿਰਦੇ ਹਾਂ।

ਸਾਡੇ ਮਨ ਦੀਆਂ ਚੰਚਲ ਬਿਰਤੀਆਂ ਐਸੀਆਂ ਹਨ, ਜਿਸ ਤਰ੍ਹਾਂ ਹਵਾ ਵਗਣ ਤੇ ਸਾਰੇ ਪਿੱਪਲ ਦੇ ਪੱਤੇ ਕੰਬਣ ਲੱਗ ਪੈਂਦੇ ਹਨ। ਜਿਵੇਂ ਝੰਡੇ ਦਾ ਫਰੇਰਾ ਹਵਾ ਚੱਲਣ ਤੇ ਚੰਚਲ ਹੋ ਜਾਂਦਾ ਹੈ, ਜਿਵੇਂ ਬਿਜਲੀ ਕੁੰਦਈ ਅਤੇ ਲੀਕਾਂ ਖਿੱਚਦੀ ਦੌੜ ਜਾਂਦੀ ਹੈ, ਜਿਵੇਂ ਭੂਤਨਿਆਂ ਦੀ ਅੱਗ ਅਤੇ ਦੀਵੇ ਦੀ ਲਾਟ ਹਵਾ ਨਾਲ ਕੰਬਦੀ ਹੈ, ਜਿਵੇਂ ਕਛੂਕੁੰਮੇ ਦਾ ਮੱਥਾ ਥਿਰ ਨਹੀਂ ਰਹਿੰਦਾ। ਸਾਨੂੰ ਆਪਣੀ ਬੁੱਧੀ ਉੱਪਰ ਭੀ ਪੂਰਾ ਭਰੋਸਾ ਨਹੀਂ ਹੈ, ਇਹ ਉਲਟਾ ਵੇਖਣ ਲੱਗ ਪੈਂਦੀ ਹੈ। ਜੋ ਚੀਜ਼ਾਂ ਨਾਸ਼ ਹੋ ਜਾਣ ਵਾਲੀਆਂ ਹਨ, ਉਨ੍ਹਾਂ ਨੂੰ ਸੱਚਾ ਮੰਨਣ ਲੱਗ ਜਾਂਦੀ ਹੈ। ਜਿਨ੍ਹਾਂ ਚੀਜ਼ਾਂ ਦੇ ਸਿੱਟੇ ਦੁੱਖ ਹਨ, ਉਨ੍ਹਾਂ ਨੂੰ ਸੁਖਦਾਇਕ ਮੰਨ ਲੈਂਦੀ ਹੈ। ਜਿਹੜੀਆਂ ਚੀਜ਼ਾਂ ਅਪਵਿੱਤਰ ਹਨ, ਉਹ ਪਾਵਨ ਕਰਕੇ ਵਿਖਾਲਦੀ ਹੈ। ਜੋ ਆਤਮਾ ਨਹੀਂ ਕਹਿੰਦੀ ਹੈ, ਏਹੋ ਹੀ ਆਤਮਾ ਹੈ।

ਸੋ ਸਾਨੂੰ ਹਰ ਸਮੇਂ ਬੜੇ ਸਾਵਧਾਨ ਰਹਿਣਾ ਚਾਹੀਦਾ ਹੈ। ਸਰੀਰ ਦੀ ਨਗਰੀ ਵਿੱਚ ਬੜੇ ਚੋਰ ਅਤੇ ਡਾਕੂ ਭੀ ਭੇਸ ਬਦਲ ਕੇ ਰਹਿੰਦੇ ਹਨ।

ਸਾਰੀ ਸੰਗਤ ਮਰਜੀਵੜਿਆਂ ਦੀ ਸੀ। ਸਾਧਕਾਂ ਦੀ, ਆਪਣੇ ਉੱਪਰ ਪਹਿਰਾ ਦੇਣ ਵਾਲਿਆਂ ਦੀ ਸੀ। ਭਾਈ ਬੁੱਧੂ ਜੀ ਵਰਗੇ ਭੀ ਸਨ, ਜਿਹੜੇ ਨਾਲੇ ਪਠਾਣ ਦੀਆਂ ਰੋਟੀਆਂ ਪਕਾਉਂਦੇ ਸਨ ਅਤੇ ਨਾਲੇ ਪਠਾਣ ਦੀਆਂ ਚਪੇੜਾਂ ਖਾ ਕੇ ਕਹਿੰਦੇ ਸਨ, ਮੈਂ ਬੁੱਧੂ ਹਾਂ, ਮੈਂ ਚਪੇੜਾਂ ਖਾਣ ਦੇ ਹੀ ਯੋਗ ਹਾਂ। ਜਿਹੜੇ ਇਤਨੇ ਬੇਪ੍ਰਵਾਹ ਸਨ ਕਿ ਮੱਥਾ ਟੇਕਣ ਆਏ ਮਹਾਰਾਜ ਵੱਲ ਧਿਆਨ ਤੱਕ ਨਹੀਂ ਸੀ ਦਿੰਦੇ ਪਰ ਗਰੀਬਾਂ ਅਨਾਥਾਂ

ਦੇ ਪੈਰ ਚੁੰਮਦੇ ਥੱਕਦੇ ਨਹੀਂ ਸਨ।

ਸੇਵਾ ਕਰਨ ਵਾਲਿਆਂ ਦਾ ਕੋਈ ਪਾਰ-ਵਾਰ ਨਹੀਂ ਸੀ। ਇਲਾਕੇ ਦੇ ਭਾਗ ਜਾਗ ਪਏ ਸਨ। ਸੇਵਾ ਉਨ੍ਹਾਂ ਦੇ ਦਰਵਾਜ਼ੇ ਉੱਪਰ ਆ ਕੇ ਦਰਵਾਜ਼ਾ ਖੜਕਾ ਰਹੀ ਸੀ। ਉਹ ਇਸ ਮਿਲੇ ਅਵਸਰ ਨੂੰ ਸਫਲ ਕਰ ਰਹੇ ਸਨ। ਸਾਲਾਂ ਦੇ ਕੰਮ ਮਹੀਨਿਆ ਵਿੱਚ, ਮਹੀਨੇ ਦੇ ਹਫਤਿਆਂ ਵਿੱਚ ਅਤੇ ਹਫਤਿਆਂ ਦੇ ਕੰਮ ਦਿਨਾ ਵਿੱਚ ਸੰਪੂਰਨ ਹੋ ਰਹੇ ਸਨ।

ਭਾਈ ਦੁੱਖ-ਭੰਜਨ ਜੀ ਲੰਗਰ ਛਕਾਉਣ ਵੇਲੇ ਭੀ ਇੱਕ ਦਮ ਸਾਰੀ ਸੇਵਾ ਰੋਕਦੇ ਨਹੀਂ ਸਨ। ਵੱਖ-ਵੱਖ ਸੇਵਾ ਕਰਨ ਵਾਲੇ ਆਪਣੀ ਵਾਰੀ ਸਿਰ ਸੱਦਣ ਤੇ ਆ ਕੇ ਲੰਗਰ ਛਕਦੇ ਸਨ।

ਇਕ ਦਿਨ ਭਾਈ ਜਗਤਾ ਜੀ ਢੁਆਈ ਵਾਲੀਆਂ ਸੰਗਤਾਂ ਨਾਲ ਬੈਠ ਕੇ ਪ੍ਰਸ਼ਾਦ ਛਕ ਗਏ। ਫਿਰ ਉਹ ਉਸਾਰੀ ਕਰਨ ਵਾਲੀਆਂ ਸੰਗਤਾਂ ਵਿੱਚ ਜਾ ਕੇ ਸੇਵਾ ਕਰਨ ਲੱਗ ਪਏ। ਜਦੋਂ ਉਸਾਰੀ ਵਾਲੀਆਂ ਸੰਗਤਾਂ ਨੂੰ ਪ੍ਰਸ਼ਾਦ ਛਕਣ ਦਾ ਸੱਦਾ ਦਿੱਤਾ ਤਾਂ ਭਾਈ ਜਗਤਾ ਜੀ ਉਨ੍ਹਾਂ ਦੇ ਨਾਲ ਦੂਜੀ ਵਾਰ ਲੰਗਰ ਵਿੱਚ ਆ ਗਏ। ਫਿਰ ਉਨ੍ਹਾਂ ਦੇ ਮਨ ਵਿੱਚ ਖਿਆਲ ਆਇਆ ਕਿ ਮੈਂ ਕਿਤੇ ਪਹਿਲਾਂ ਆ ਕੇ ਪ੍ਰਸ਼ਾਦ ਛਕ ਨਾ ਗਿਆ ਹੋਵਾਂ। ਇਸ ਗੱਲ ਦਾ ਪਤਾ ਕਰਨ ਲਈ ਉਹ ਲੰਗਰ ਵਿੱਚ ਆ ਕੇ ਫਿਰ ਬਾਹਰ ਨੂੰ ਤੁਰ ਪਏ।

ਭਾਈ ਦੁੱਖ-ਭੰਜਨ ਜੀ ਨੇ ਭਾਈ ਜਗਤਾ ਜੀ ਨੂੰ ਬਾਹਰ ਜਾਂਦਿਆ ਵੇਖ ਕੇ ਭਾਈ ਧੱਜੇ ਜੀ ਨੂੰ ਪੁੱਛਿਆ, "ਭਾਈ ਜਗਤਾ ਜੀ ਨੇ ਪ੍ਰਸ਼ਾਦ ਛਕਿਆ ਹੈ ਕਿ ਨਹੀਂ ?"

ਭਾਈ ਧੱਜਾ ਜੀ ਨੇ ਹੱਥ ਜੋੜ ਕੇ ਕਿਹਾ, "ਪ੍ਰਸ਼ਾਦ ਤਾਂ ਛਕ ਗਏ ਹਨ ਪਰ ਪ੍ਰਤੀਤ ਹੁੰਦਾ ਹੈ, ਉਨ੍ਹਾਂ ਨੂੰ ਚੇਤਾ ਭੁੱਲ ਗਿਆ ਇਹ ਹਰ ਸਮੇਂ ਇੱਕ ਅਨੋਖੀ ਮਸਤੀ ਉੱਪਰ ਅਸਵਾਰ ਰਹਿੰਦੇ ਹਨ। ਇਨ੍ਹਾਂ ਨੂੰ ਆਪਣੇ ਤਨਬਦਨ ਦੀ ਕੋਈ ਸੋਝੀ ਨਹੀਂ ਰਹਿੰਦੀ। ਇਹ ਤਨ ਵਿੱਚ ਰਹਿੰਦੇ ਹੋਣ ਤਾਂ ਇਨ੍ਹਾਂ ਨੂੰ ਤਨ ਨਾਲ ਸੰਬੰਧਿਤ ਗੱਲਾਂ ਦਾ ਪਤਾ ਹੋਵੇ।"

ਭਾਈ ਦੁੱਖ-ਭੰਜਨ ਜੀ ਉੱਠੇ, ਉਨ੍ਹਾਂ ਦੇ ਨਾਲ ਕੁਝ ਸਾਧ ਭੀ ਉੱਠੇ। ਭਾਈ ਦੁੱਖ-ਭੰਜਨ ਜੀ ਨੇ ਤਿੱਖੇ ਕਦਮ ਪੁੱਟ ਕੇ ਭਾਈ ਜਗਤਾ ਜੀ ਦੀ ਬਾਂਹ ਫੜ ਲਈ ਅਤੇ ਵਾਪਸ ਲੰਗਰ ਵਿੱਚ ਲਿਆ ਕੇ ਕਿਹਾ, "ਕਿਰਪਾ ਕਰਕੇ ਗੁਰੂ ਦਾ ਲੰਗਰ ਛਕ ਕੇ ਜਾਣਾ।" ਭਾਈ ਜਗਤਾ ਜੀ ਮੁਸਕਰਾਂਦੇ ਬੋਲੇ, "ਮੈਨੂੰ ਜਾਪਦਾ ਹੈ ਕਿ ਮੈਂ ਲੰਗਰ ਛਕ ਲਿਆ ਹੈ। ਮੈਂ ਬਾਹਰ ਆਪਣੀ ਜੁੱਤੀ ਵੇਖਣ ਲਈ ਹੀ ਗਿਆ ਸਾਂ। ਜੇ ਤਾਂ ਮੇਰੀ ਜੁੱਤੀ ਬਾਹਰ ਪਈ ਹੋਈ ਤਾਂ ਮੈਂ ਪ੍ਰਸ਼ਾਦ ਛਕ ਗਿਆ ਹਾਂ। ਜੇ ਨਾ ਪਈ ਹੋਈ ਤਾਂ ਮੈਂ ਬੈਠ ਕੇ ਛਕਾਂਗਾ। ਮੈਂ ਤੱਕ (ਦੇਖ) ਲਿਆ ਹੈ, ਉਥੇ ਮੇਰਾ ਜੋੜ ਪਿਆ ਹੋਇਆ ਹੈ, ਇਸ ਲਈ ਮੈਂ ਪ੍ਰਸ਼ਾਦ ਛਕ ਚੁੱਕਾ ਹਾਂ।"

ਸਾਰੇ ਸਾਧ ਆਖੀ ਜਾਣ, "ਤੁਸੀਂ ਪ੍ਰਸ਼ਾਦ ਛਕ ਕੇ ਜਾਵੋ।"

ਭਾਈ ਦੁੱਖ-ਭੰਜਨ ਜੀ ਨੇ ਕਿਹਾ, "ਭਾਈ ਧੱਜਾ ਜੀ ਭਾਈ ਜਗਤਾ ਜੀ ਲਈ ਪ੍ਰਸ਼ਾਦ ਪਾ ਕੇ ਲਿਆਓ।"

ਭਾਈ ਧੱਜਾ ਜੀ ਥਾਲੀ ਵਿੱਚ ਪ੍ਰਸ਼ਾਦ ਪਾ ਕੇ ਲੈ ਆਏ। ਭਾਈ ਦੁੱਖ-ਭੰਜਨ ਜੀ ਨੇ ਆਪ ਥਾਲੀ ਫੜ ਕੇ ਕਿਹਾ, "ਤੁਹਾਨੂੰ ਪ੍ਰਸ਼ਾਦ ਛਕਣਾ ਪੈਣਾ ਹੈ।"

ਭਾਈ ਜਗਤਾ ਜੀ ਬੋਲੇ, "ਜੇ ਮੈਨੂੰ ਦੂਜੀ ਵਾਰ ਪ੍ਰਸ਼ਾਦ ਛਕਾਉਣਾ ਹੈ ਤਾਂ ਮੇਰੇ ਨਾਲ ਤੁਹਾਨੂੰ ਭੀ ਛਕਣਾ ਪਵੇਗਾ। ਤੁਸੀਂ ਹਮੇਸ਼ਾਂ ਅੱਧੀ ਪ੍ਰਸ਼ਾਦੀ ਲੈਂਦੇ ਹੋ। ਤੁਸੀਂ ਅੱਧੀ ਲਈ ਚੱਲੋ, ਮੈਨੂੰ ਸਾਰੀ ਦੇਈ ਚੱਲੋ।"

ਭਾਈ ਦੁੱਖ-ਭੰਜਨ ਜੀ ਦੀਆਂ ਅੱਖਾਂ ਵਿੱਚੋਂ ਅੱਥਰੂ ਆ ਗਏ। ਉਹ ਭਾਈ ਜਗਤਾ ਜੀ ਬਾਰੇ ਸੋਚ ਰਹੇ ਸਨ, ਇਹ ਬਹੁਤ ਕੰਮ ਕਰਦੇ ਹਨ। ਇਨ੍ਹਾਂ ਦਾ ਮਨ ਹਮਦਰਦੀ ਨਾਲ ਭਰਿਆ ਹੋਇਆ ਹੈ, ਜੋ ਕੁਝ

ਇਨ੍ਹਾਂ ਨੂੰ ਮਿਲਦਾ ਹੈ, ਉਹ ਲੈ ਕੇ ਗਰੀਬਾਂ ਨੂੰ ਵੰਡ ਦਿੰਦੇ ਹਨ। ਆਪ ਹਮੇਸ਼ਾਂ ਭੁੱਖੇ ਜਾਂ ਅੱਧ-ਭੁੱਖੇ ਰਹਿੰਦੇ ਹਨ। ਅੱਜ ਇਨ੍ਹਾਂ ਨੂੰ ਪੂਰਾ ਤ੍ਰਿਪਤ ਕਰੀਏ।

ਭਾਈ ਦੁੱਖ-ਭੰਜਨ ਜੀ ਆਪ ਅੱਧੀ ਰੋਟੀ ਲੈਣ ਅਤੇ ਭਾਈ ਜਗਤਾ ਜੀ ਨੂੰ ਸਾਰੀ ਰੋਟੀ ਦੇਈ ਜਾਣ। ਭਾਈ ਜਗਤਾ ਜੀ ਬੜੇ ਪ੍ਰੇਮ ਨਾਲ ਛਕੀ ਜਾਣ।

ਭਾਈ ਦੁੱਖ-ਭੰਜਨ ਜੀ ਦੀਆਂ ਅੱਖਾਂ ਅੰਦਰੋਂ ਫਿਰ ਜਲ-ਧਾਰਾ ਵਗ ਤੁਰੀ ਤੇ ਸੋਚਣ ਲੱਗ ਪਏ। ਸਾਲਾਂ ਤੋਂ ਭਾਈ ਜਗਤਾ ਜੀ ਅੱਧ-ਭੁੱਖੇ ਆ ਰਹੇ ਹਨ। ਉਹ ਆਪਣੀ ਰੋਟੀ ਭੀ ਗਰੀਬਾਂ ਅਤੇ ਕੰਗਾਲਾਂ ਨੂੰ ਦਿੰਦੇ ਆ ਰਹੇ ਹਨ। ਜੋ ਸੁੱਖ ਤੇ ਸਵਾਦ ਆਪਣੀ ਰੋਟੀ ਦੇ ਕੇ, ਆਪ ਭੁੱਖਾ ਰਹਿ ਕੇ ਆਉਂਦਾ ਹੈ, ਉਹ ਛੱਤੀ ਪ੍ਰਕਾਰ ਦੇ ਖਾਣਿਆਂ ਨੂੰ ਖਾ ਕੇ ਨਹੀਂ ਆਉਂਦਾ। ਖਾਣਿਆਂ ਵਿੱਚ ਸੁੱਖ ਅਤੇ ਸਵਾਦ ਨਹੀਂ ਹੁੰਦਾ। ਸਵਾਦ ਦੂਜਿਆਂ ਵਿੱਚ ਪ੍ਰਮੇਸਰ ਅਨੁਭਵ ਕਰਨ ਵਿੱਚ ਉਨ੍ਹਾਂ ਨੂੰ ਤ੍ਰਿਪਤਾਉਣ ਅੰਦਰ ਹੁੰਦਾ ਹੈ।

ਬਿਨਾਂ ਗਰੀਬਾਂ ਅਤੇ ਕੰਗਾਲਾਂ ਨੂੰ ਖਵਾਉਣ ਤੋਂ ਜੋ ਛੱਤੀ ਪ੍ਰਕਾਰ ਦੇ ਖਾਣੇ ਖਾਂਦੇ ਹਨ, ਉਨ੍ਹਾਂ ਦਾ ਮਨ ਅਤੇ ਜੀਭ ਦੋਵੇਂ ਭ੍ਰਿਸ਼ਟ ਹੋਏ ਹੁੰਦੇ ਹਨ, ਉਹ ਯਤਨ ਕਰਦੇ ਹਨ, ਮਿਰਚਾਂ ਮਸਾਲਿਆਂ ਅਤੇ ਖੱਟੇ-ਮਿੱਠੇ ਰਸਾਂ ਨਾਲ ਜੀਭ ਨੂੰ ਸੰਤੁਸ਼ਟ ਕਰਨ ਦਾ ਪਰ ਵਿਗੜੀ ਜੀਭ ਦਾ ਅਸਲ ਸਵਾਦ ਗੁਆਚ ਚੁੱਕਾ ਹੁੰਦਾ ਹੈ। ਜੀਭ ਨੂੰ ਰਸ ਨਾ ਮਿਲਣ ਕਰਕੇ ਮਿਹਦਾ ਭੀ ਜਵਾਬ ਦੇ ਜਾਂਦਾ ਹੈ। ਮਿਹਦਾ ਠੀਕ ਕਰਨ ਲਈ ਡਾਕਟਰ ਵੱਲ ਨੱਠ-ਭੱਜ ਕਰਦਾ ਹੈ। ਚੰਗਾ ਸਿੱਟਾ ਕੁਝ ਨਹੀਂ ਨਿਕਲਦਾ ਫਿਰ ਉਹ ਬੀਮਾਰੀਆਂ ਦੇ ਚੱਕਰ ਵਿੱਚ ਪੈ ਜਾਂਦਾ ਹੈ ਅਤੇ ਚੱਕਰ ਕੱਟਦਾ-ਕੱਟਦਾ ਇਕ ਦਿਨ ਮਿੱਟੀ ਦਾ ਢੇਰ ਹੋ ਜਾਂਦਾ ਹੈ।

ਭਾਈ ਦੁੱਖ-ਭੰਜਨ ਜੀ ਅਤੇ ਭਾਈ ਜਗਤਾ ਜੀ, ਦੋਹਾਂ ਨੇ ਅੱਜ ਪ੍ਰਸਾਦਾ ਵੱਧ ਛਕ ਲਿਆ ਸੀ। ਲੰਗਰ ਤੋਂ ਬਾਹਰ ਜਾਂਦੇ ਸਾਰ ਭਾਈ ਜਗਤਾ ਜੀ ਨੇ ਕਹੀ ਫੜ ਲਈ ਅਤੇ ਪੂਰੇ ਤਾਣ ਨਾਲ ਮਿੱਟੀ ਪੁੱਟਣ ਲੱਗ ਪਏ। ਭਈ ਦੁੱਖ-ਭੰਜਨ ਜੀ ਆਪਣੀਆਂ ਪੁਰਾਣੀਆਂ ਸਾਥਣਾਂ ਕੈਸੀਆਂ ਕੱਢ ਲਈਆਂ ਅਤੇ ਕਹਿਣ ਲੱਗੇ, "ਜਿਸ ਦਾ ਦਿੱਤਾ ਪ੍ਰਸਾਦ ਛਕਿਆ ਹੈ, ਜਿਸ ਦੀ ਦਿੱਤੀ ਅਰੋਗਤਾ ਕਰਕੇ ਸੇਵਾ ਕਰ ਰਹੇ ਹਾਂ, ਜਿਸ ਦੀ ਕਿਰਪਾ ਸਦਕਾ ਸਾਧ-ਸੰਗਤ ਪ੍ਰਾਪਤ ਹੈ, ਜਿਸ ਦੀ ਕਿਰਪਾ ਸਦਕਾ ਸਾਡਾ ਸਰੀਰ ਸੰਪੂਰਨ ਹੈ, ਹੁਣ ਉਸ ਦਾ ਥੋੜ੍ਹਾ ਧੰਨਵਾਦ ਭੀ ਕਰ ਲਈਏ, "ਸਵਾਮੀ ਦੀ ਦਰਗਾਹ ਵਿੱਚ ਨਮਕ-ਹਰਾਮ ਬਣ ਕੇ ਜਾਣਾ ਠੀਕ ਨਹੀਂ ਹੈ। ਸੁਰਖਰੂ ਹੋਣ ਲਈ ਜ਼ਰੂਰੀ ਹੈ ਕਿ ਅਸੀਂ ਨਮਕ-ਹਲਾਲ ਬਣ ਕੇ ਜਾਈਏ। ਇਹ ਸਰੀਰ ਮਿੱਟੀ ਤੋਂ ਬਣਿਆ ਹੈ ਅਤੇ ਅੰਤ ਨੂੰ ਇਸ ਨੇ ਮਿੱਟੀ ਦੇ ਥਾਂ ਤੇ ਸਵਾਹ ਬਣ ਜਾਣਾ ਹੈ। ਇਸ ਤੋਂ ਜਿੰਨੀ ਸੇਵਾ ਲਈ ਜਾਵੇ, ਥੋੜ੍ਹੀ ਹੈ। ਘੋੜਾ ਸਾਡੇ ਕੋਲ ਹੋਵੇ ਫਿਰ ਭੀ ਜੇ ਅਸੀਂ ਸ਼ਾਹ ਸਵਾਰ ਹੋ ਕੇ ਸਫ਼ਰ ਨਹੀਂ ਕਰਦੇ, ਕੋਈ ਮੰਜ਼ਲ ਨਹੀਂ ਮਾਰਦੇ ਤਾਂ ਸਾਨੂੰ ਦਰਗਾਹ ਵਿੱਚ ਪੁੱਛ ਹੋਵੇਗੀ।"

ਇਹ ਕਹਿ ਕੇ ਉੱਚੀ ਸੁਰ ਵਿੱਚ ਕੀਰਤਨ ਕਰਨ ਲੱਗ ਪਏ, ਇਕ ਤੋਂ ਪਿੱਛੋਂ ਦੂਜਾ ਸ਼ਬਦ ਸ਼ੁਰੂ ਕਰ ਦਿੰਦੇ ਰਹੇ ਅਤੇ ਏਸੇ ਤਰ੍ਹਾਂ ਘੰਟਿਆਂ ਬੱਧੀ ਮਸਤ ਹੋ ਕੇ ਕੀਰਤਨ ਕਰਦੇ ਰਹੇ। ਉਧਰ ਭਾਈ ਜਗਤਾ ਜੀ ਨੇ ਆਪਣਾ ਲਹੂ-ਪਸੀਨਾ ਇੱਕ ਕੀਤਾ ਹੋਇਆ ਸੀ। ਉਨ੍ਹਾਂ ਦੀ ਕਹੀ ਭੀ ਕੈਸੀਆਂ ਦੀ ਲੈ ਅਤੇ ਤਾਲ ਨਾਲ ਚੱਲ ਰਹੀ ਸੀ। ਸਾਧਾਂ ਅਤੇ ਸੰਗਤਾਂ ਨੂੰ ਆਪਣੇ ਜੀਵਨ ਨਾਲ ਦੋਵੇਂ ਪੂਰਨੇ ਪਾ ਰਹੇ ਸਨ।

ਲਗਭਗ ਇਕ ਸਾਲ ਤੱਕ ਨੂਰਪੁਰ ਥਲ ਦੇ ਟਿਕਾਣੇ ਦੀ ਸੇਵਾ ਹੁੰਦੀ ਰਹੀ। ਸੰਗਤਾਂ ਦਾ ਸੇਵਾ ਕਰਦਿਆਂ ਚਾਅ ਨਾ ਲੱਥਦਾ। ਕੋਈ ਇਕ ਭੀ ਆਦਮੀ ਮੂੰਹੋਂ ਨਾ ਆਖਦਾ ਕਿ ਮੈਂ ਥੱਕ ਗਿਆ ਹਾਂ। ਨਾ ਕੋਈ ਖੇਡ ਵਿੱਚ ਥੱਕਦਾ ਹੈ, ਨਾ ਕੋਈ ਸੇਵਾ ਵਿੱਚ ਥੱਕਦਾ ਹੈ। ਕੰਮ ਵਿੱਚ ਸਾਰੇ ਹੀ ਥੱਕ ਜਾਂਦੇ ਹਨ। ਕਾਰਣ ? ਕੰਮ ਵਿੱਚ ਚਾਅ ਘੱਟ ਅਤੇ ਕੰਮ ਦਾ ਬਦਲਾ ਲੈਣ ਦਾ ਖ਼ਿਆਲ ਵੱਧ ਹੁੰਦਾ ਹੈ, ਮੈਂ ਕੰਮ ਥੋੜ੍ਹਾ ਕਰਾਂ ਅਤੇ ਮਜ਼ਦੂਰੀ ਵੱਧ ਮਿਲੇ। ਕਿਤੇ ਕੰਮ ਮਜ਼ਦੂਰੀ ਤੋਂ ਵੱਧ ਨਾ ਹੋ ਜਾਵੇ। ਇਸ ਤਰ੍ਹਾਂ ਕਾਮਾ

ਸਰੀਰ ਨਾਲੋਂ ਵੱਧ ਮਾਨਸਿਕ ਤੌਰ ਉੱਪਰ ਕਲਪਣਾ ਕਰਦਾ-ਕਰਦਾ ਥੱਕ ਜਾਂਦਾ ਹੈ।

ਜਦੋਂ ਸੇਵਾ ਸੰਪੂਰਨ ਹੋਈ ਤਾਂ ਮਜ਼ਦੂਰਾਂ ਅਤੇ ਕਾਰੀਗਰਾਂ ਨੂੰ ਮਜ਼ਦੂਰੀ ਤੋਂ ਬਿਨਾਂ ਸਿਰੋਪਾਓ ਭੀ ਦਿੱਤੇ ਗਏ ਹਰ ਪ੍ਰਕਾਰ ਉਨ੍ਹਾਂ ਪ੍ਰਸੰਨਤਾ ਪ੍ਰਾਪਤ ਕੀਤੀ।

ਭਾਈ ਦੁੱਖ-ਭੰਜਨ ਜੀ ਭਾਈ ਹਜ਼ਾਰੀ ਰਾਮ ਜੀ ਦੀ ਸੇਵਾ ਤੋਂ ਬੜੇ ਹੀ ਪ੍ਰਸੰਨ ਹੋਏ ਅਤੇ ਕਿਹਾ, ''ਅਸੀਂ ਜਾ ਕੇ ਸ਼ਾਹੀਵਾਲ ਦੀ ਧਰਮਸ਼ਾਲਾ ਪਾਉਣੀ ਹੈ, ਤੁਹਾਨੂੰ ਸੱਦਾ ਭੇਜਾਂਗੇ, ਤੁਸੀਂ ਜ਼ਰੂਰੀ ਆਉਣਾ।

ਭਾਈ ਹਜ਼ਾਰੀ ਰਾਮ ਜੀ ਨੇ ਹੱਥ ਜੋੜ ਕੇ ਕਿਹਾ, ''ਜੀ ਮੈਂ ਤਾਂ ਤੁਹਾਡਾ ਗੁਲਾਮ ਹਾਂ, ਹਰ ਸਮੇਂ ਹਰ ਸੇਵਾ ਲਈ ਹਾਜ਼ਰ ਹਾਂ ਪਰ ਆਪ ਜੀ ਨੇ ਭਾਈ ਸਾਹਿਬ ਜੀ ਨੂੰ ਕਹਿ ਭੇਜਣਾ ਜੋ ਉਹ ਮੈਨੂੰ ਜਾਣ ਦੀ ਆਗਿਆ ਦੇ ਦੇਣ।''

ਇਹ ਉੱਤਰ ਸੁਣ ਕੇ ਭਾਈ ਦੁੱਖ-ਭੰਜਨ ਜੀ ਬਹੁਤ ਖ਼ੁਸ਼ ਹੋਏ ਅਤੇ ਕਹਿਣ ਲੱਗੇ, ''ਠੀਕ ਹੈ, ਠੀਕ ਹੈ, ਏਸੇ ਤਰ੍ਹਾਂ ਹੀ ਹੋਣਾ ਚਾਹੀਦਾ ਹੈ। ਅਸੀਂ ਭਾਈ ਜਗਤਾ ਜੀ ਨੂੰ ਹੀ ਸੁਨੇਹਾ ਭੇਜਾਂਗੇ।''

ਭਾਈ ਦੁੱਖ-ਭੰਜਨ ਜੀ ਨੂੰ ਤੋਰਨ ਲਈ ਸਾਰਾ ਇਲਾਕਾ ਉਮਡ ਕੇ ਆ ਗਿਆ, ਸਭ ਨੇ ਕੋਈ ਨਾ ਕੋਈ ਭੇਟਾ ਚੜ੍ਹਾਈ, ਭਾਈ ਜਗਤਾ ਜੀ ਅਤੇ ਡੇਰੇ ਦੇ ਸਾਧੂ ਬੜੀ ਦੂਰ ਤੱਕ ਨਾਲ ਤੁਰੀ ਆਏ। ਕਿਸੇ ਦਾ ਭੀ ਪਿਛਾਂਹ ਜਾਣ ਨੂੰ ਦਿਲ ਨਾ ਕਰਦਾ। ਤਿੰਨ ਕੋਹ ਦੂਰੀ ਤੇ ਆ ਕੇ ਭਾਈ ਦੁੱਖ-ਭੰਜਨ ਜੀ ਖੜੇ ਹੋ ਗਏ ਅਤੇ ਭਾਈ ਜਗਤਾ ਜੀ ਨੂੰ ਤੇ ਭਾਈ ਹਜ਼ਾਰੀ ਰਾਮ ਜੀ ਨੂੰ ਕਿਹਾ, ''ਹੁਣ ਤੁਸੀਂ ਸਾਰੀਆਂ ਸੰਗਤਾਂ ਨੂੰ ਨਾਲ ਲੈ ਕੇ ਜਾਓ ਅਤੇ ਡੇਰੇ ਦਾ ਕਾਰ-ਵਿਹਾਰ ਕਰੋ, ਹੁਣ ਹੋਰ ਅੱਗੇ ਨਹੀਂ ਆਉਣਾ।''

ਭਾਈ ਜਗਤਾ ਜੀ ਭਾਈ ਦੁੱਖ-ਭੰਜਨ ਜੀ ਦੇ ਚਰਨਾਂ ਉੱਪਰ ਢਹਿ ਪਏ। ਭਾਈ ਦੁੱਖ-ਭੰਜਨ ਜੀ ਨੇ ਚੁੱਕ ਕੇ ਆਪਣੇ ਗਲ ਨਾਲ ਲਾਇਆ। ਦੋਹਾਂ ਸੰਤਾਂ ਦੀਆਂ ਅੱਖਾਂ ਵਿੱਚ ਪਿਆਰ ਦੇ ਹੰਝੂ ਸਨ। ਦੋਹਾਂ ਭਗਤਾਂ ਦੇ ਮਨ ਅੱਗੇ ਸੇਵਾ ਕਰਨ ਦੇ ਸਮੇਂ ਸਾਰੇ ਨਜ਼ਾਰੇ ਇਕ ਪਲ ਵਿੱਚ ਦੀ ਲੰਘ ਗਏ।

ਇਸ ਤੋਂ ਪਿਛੋਂ ਭਾਈ ਹਜ਼ਾਰੀ ਰਾਮ ਜੀ ਨੇ ਮੱਥਾ ਟੇਕਿਆ। ਭਾਈ ਦੁੱਖ-ਭੰਜਨ ਜੀ ਉਨ੍ਹਾਂ ਦੀ ਪਿੱਠ ਉੱਤੇ ਪਿਆਰ ਨਾਲ ਹੱਥ ਫੇਰਦੇ ਰਹੇ। ਫਿਰ ਸਿਰ ਉੱਪਰ ਹੱਥ ਰੱਖਿਆ।

ਸਾਰੇ ਸੰਤ ਆਪਸ ਵਿੱਚ ਦੀ ਪਿਆਰ ਅਤੇ ਸਤਿਕਾਰ ਨਾਲ ਮਿਲਦੇ ਰਹੇ।

ਆਈਆਂ ਸੰਗਤਾਂ ਨੇ ਭੀ ਮੱਥਾ ਟੇਕਿਆ ਭਾਈ ਦੁੱਖ-ਭੰਜਨ ਜੀ ਨੇ ਸਭ ਨੂੰ ਸਤਿਕਾਰ ਦਿੱਤਾ ਅਤੇ ਤੁਰ ਪਏ।

ਭਾਈ ਜਗਤਾ ਜੀ ਅਤੇ ਭਾਈ ਹਜ਼ਾਰੀ ਰਾਮ ਜੀ ਦੋਵੇਂ ਦੇ ਅੱਖਾਂ ਵਾਂਗ ਭਾਈ ਦੁੱਖ-ਭੰਜਨ ਜੀ ਨੂੰ ਜਾਂਦਿਆਂ ਵੇਖਦੇ ਰਹੇ, ਜਿਉਂ-ਜਿਉਂ ਦੂਰੀ ਵਧਦੀ ਜਾ ਰਹੀ ਸੀ ਅੱਥਰੂਆਂ ਦੀਆਂ ਧਾਰਾਂ ਭੀ ਵਧਦੀਆਂ ਜਾ ਰਹੀਆਂ ਸਨ। ਜਦੋਂ ਭਾਈ ਦੁੱਖ-ਭੰਜਨ ਜੀ ਦਾ ਸੰਗ ਅੱਖਾਂ ਤੋਂ ਉਹਲੇ ਹੋ ਗਿਆ ਤਾਂ ਭਾਈ ਜਗਤਾ ਜੀ ਨੇ ਅਤੇ ਭਾਈ ਹਜ਼ਾਰੀ ਰਾਮ ਜੀ ਨੇ ਫੇਰ ਨਿਉਂਕੇ ਮੱਥਾ ਟੇਕਿਆ ਉਨ੍ਹਾਂ ਦੇ ਪਿੱਛੇ ਸਾਰੀ ਸੰਗਤ ਨੇ ਭੀ ਉਨ੍ਹਾਂ ਵਾਂਗ ਧਰਤੀ ਉੱਪਰ ਮੱਥਾ ਟੇਕਿਆ।

ਇਸ ਮੱਥੇ ਟੇਕਣ ਤੋਂ ਇਕ ਗੱਲ ਸਪਸ਼ਟ ਹੋ ਗਈ। ਸੰਤਾਂ ਅਤੇ ਭਗਤਾਂ ਨੂੰ ਉਨ੍ਹਾਂ ਦੇ ਜਾਣ ਪਿਛੋਂ ਭੀ, ਅੱਖਾਂ ਤੋਂ ਓਹਲੇ ਹੋਣ ਪਿਛੋਂ ਭੀ, ਪ੍ਰਲੋਕ ਜਾਣ ਮਗਰੋਂ ਭੀ ਸੰਗਤਾਂ ਮੱਥੇ ਟੇਕਦੀਆਂ ਹਨ। ਜਿੱਧਰ ਸੰਤ ਜਾਣ, ਜਿੱਧਰੋਂ ਸੰਤ ਆਉਣ, ਉਹ ਦਿਸ਼ਾਵਾਂ ਭੀ ਪੂਜਨੀਕ ਹੋ ਜਾਂਦੀਆ ਹਨ।

ਮੁਸਲਮਾਨ ਵੀਰ ਆਪਣੇ ਪੂਜ ਮੱਕੇ ਨੂੰ ਹਾਜ਼ਰ-ਨਾਜ਼ਰ ਜਾਣ ਕੇ, ਉਸ ਪਾਸੇ ਮੂੰਹ ਕਰਕੇ ਨਮਾਜ਼ ਪੜ੍ਹਦੇ ਹਨ। ਮੁੜ-ਮੁੜ ਕੇ ਸਿਜਦਾ ਕਰਦੇ ਹਨ। ਕਦੇ ਉਸ ਪਾਸੇ ਮੂੰਹ ਕਰਕੇ ਪਿਸ਼ਾਬ ਨਹੀਂ ਕਰਦੇ। ਉਸ ਪਾਸੇ ਪਿੱਠ ਕਰਕੇ ਜੰਗਲ ਪਾਣੀ ਨਹੀਂ ਕਰਦੇ। ਉਸ ਪਾਸੇ, ਪੈਰ ਕਰਕੇ ਕਦੀ ਸੌਂਦੇ ਨਹੀਂ ਹਨ।

***

# बाबाणीयां कहाणीयां

## (भाई जगता जी)

### 'अन्त काल जो लछमी सिमरै'

✍ जोगिन्द्र सिंघ 'सागर'

एक बार एक नागा (त्यागी) साधु नूरपुर के टिकाणे पर आया। वह कुछ दिन वहां रहा। उसने देखा कि सेवा सिमरण में लीन, परोपकारी आत्मा, दया मूर्ति बाबा जगता जी एक पूर्ण पुरूष हैं, महा त्यागी और जती सती हैं। वह बहुत प्रभावित हुआ। वह सोचता कि जो कुछ मैं कई वर्ष निरन्तर संघर्ष करके भी प्राप्त नहीं कर सका, इस महात्मा ने अपने टिकाणे पर ही पा लिया है।

कुछ दिन ठहरने के बाद वह (नागा साधु) जाने को तैयार हो गया। उसने बाबा जी से कहा कि ईश्वर की कृपा से मैंने अठसठ तीर्थों की यात्रा की है। चारों धाम भी सपर्श किये हैं। यह गोदड़ी सदैव मेरे साथ रही है। अब गर्मी का मौसम आ गया है। मैं चाहता हूं कि यह गोदड़ी आप के पास छोड़ जाऊं और आये शीत काल में आकर ले लूंगा। यह कह कर उसने गोदड़ी बाबा जी को थमा दी और चला गया। बाबा जी ने गोदड़ी सम्भाल कर रख दी।

सर्दियां आईं और गुजर गईं। दूसरे साल भी सर्दी का मौसम आया और निकल गया, पर वह साधु लौट कर नहीं आया। एक दिन इकत्रित सन्त मंडली में बैठे भाई जगता जी बोले कि गये वर्ष यहां एक नागा साधु आया था। अपनी गोदड़ी यहां रख गया था कि सर्दियों में आकर ले लूंगा। दो शीतकाल बीत गये हैं वह महात्मा नहीं आया। ऐसा लगता है कि वह उस लोक चला गया है जहां से कोई वापस लौट कर नहीं आता अर्थात् वह परलोक गमन कर गया है। कुछ समय चुप रहने के बाद भाई हजारी जी से कहा कि उस महात्मा वाली गोदड़ी उठा लाओ।

भाई हजारी जी आज्ञा पाकर गोदड़ी ले आये। गोदड़ी को जब धरती पर रखा तो एक छोटा सा सांप उसमें से निकल कर भाग गया। सब साधुजन यह देख कर हैरान रह गये। बाबाजी बोले कि इसे खोलो इसमें अवश्य कुछ विचित्र होगा। जब उस गोदड़ी को टटोल कर देखा गया तो उसमें दो मोहरें सिली हुई पाई गईं। भाई हजारी जी ने वे मोहरें निकाल

कर बाबा जी के आगे रख दीं। भाई जगता जी की आंखों से आंसू बहने लगे और उनके मुख से यह शब्द निकले "हे वासना ! तेरा सत्यानाश" बाबा जी ने साधुओं को सम्बोधन करके कहा कि नागा साधु बड़ा तपस्वी और सदाचारी था। उस त्यागी ने तो मोक्ष को प्राप्त होना था पर इन दुष्ट मोहरों ने उसे सर्प जूनी में डाल दिया है। अन्तिम समय जो इच्छा हो जाये उस अनुसार अगला जन्म मिलता है। यथा "अन्तकाल जो लछमी सिमरै-ऐसी चिन्ता महि जे मरै- सर्प जून वल वल अवतरै।"

इसी प्रकार अन्तिम समय भवन याद करने वाला प्रेत और पुत्र याद करने वाला सुअर का शरीर धारण करता है। अन्त काल जो भगवान को याद करते हैं वे मोक्ष को प्राप्त होते हैं। थोड़ी देर रूक कर बाबा जी बोले कि आशा, त्रिषणा और चिन्ता मानव मन की तीन बिरतियां (चेष्ठायें) हैं। यह तीनों मानव पतन की जिमेदार हैं, जो आचरण को क्षीण करती हैं, सत्य मार्ग से विचलित करती है और अवगुणों को आमन्त्रित करती हैं। गुरू कृपा द्वारा जो मनुष्य इन पर नियंत्रण रखता है वही सदाचारी, सचियार और गुरमुख बनता है। सन्त जनो! हमने सदाचारी और गुरमुख बनना है इसलिये सदैव सच देखो, सच बोलो, सच सुनो और सच सोचो।

## 'अन्तिम चमत्कार'

आज से 190 वर्ष पूर्व नूरपुर थल के क्षेत्र में साल भर से वर्षा नहीं हुई। लोग बाग, पशु-पक्षी सभी तंग आ गये। थोड़ी बहुत जो फसलें थीं वे भी वर्षा न होने के कारण सूखने लगीं। थल के इलाके में फसलें और चारा वर्षा पर निर्भर करता था। किसान और गरीब लोग बेहद चिन्तित थे कि वर्षा के अभाव से अनाज नहीं हुआ तो आने वाला समय कैसे व्यतीत होगा। ज्यों-ज्यों समय गुज़र रहा था लोगों की चिन्ता में वृद्धि हो रही थी। हिन्दु-मुसलमान, गरीब-अमीर सभी इस दुःख व चिन्ता से पीड़ित थे। सभी आकाश की ओर आशा भारी दृष्टि से देख रहे थे, पर सब आशायें व्यर्थ हो कर रह गईं।

एक दिन सभी लोग इकत्र हो कर बाबा जगता जी के पास आये और प्रार्थना की कि बाबा जी! हमारी सहायता करो। वर्षा न होने के कारण फसलें सूख रही हैं। अनाज और चारा के अभाव से हमारा और पशु पक्षियों का जीना कठिन ही नहीं असम्भव हो रहा है। आप दयालु पुरूष और परोपकारी महात्मा हैं। कृपा करके अरदास (प्रार्थना) करें कि वर्षा

होवे और जन जीवन बहाल हो जाये। ईश्वर सन्त-महात्माओं और भक्तों की प्रार्थना अवश्य स्वीकार करता है।

**बिरथी कदे, न होवई जन की अरदास**

आप बेसहारा जीव-जन्तुओं पर दया दृष्टि करो। हम सब उजड़ने से बच जायेंगे। अब हमें आपका और आपके गुरू का आश्रय है। हम थक हार कर आपकी शरण में आयें हैं। हमें निराश न करें। हमें विश्वास है कि आपकी अरदास सुनकर परमात्मा अवश्य बरसेगा, निराशा और अशान्ति का अन्त हो जायेगा।

दया मूर्ति, परोपकारी आत्मा बाबा जगता जी, जो यह सब कुछ चुपचाप सुन रहे थे। गम्भीर हो गये। कुछ देर चुप रहने के पश्चात् बोले कि ईश्वर सब का पिता है और उसे सब की बराबर चिन्ता है। वह सब की मनो कामनायें पूरी करने वाला है। हां! माघी वाले दिन मैंने इस आसार संसार को अलविदा कह कर प्रस्थान करना है। ईश्वर मेहर करेगा, भरपूर बरस कर सब जीव-जन्तुओं के कष्ट दूर करेगा। भगवान पर भरोसा रखो। वही सब सुखों का दाता है। ''सब सुख दाता राम है दूसर नाहि न कोइ।''

'साधु बोले सहज सुभाय।' ऐसा ही हुआ। 'साध बचन अटलाधा' के अनुसार माघी वाले दिन भाई जगता जी ने गुरपुरी को पयाना किया तो देखते ही देखते आकाश पर काली घटायें छा गई और मूसलाधार वर्षा शुरू हो गई। सारा दिन वर्षा होती रही और सब जल थल हो गया। सब लोग एक स्वर धन्य भाई जगता-धन्य भाई जगता पुकारने लगे। पशु-पंछी, जानवर और मनुष्य सब को सुख देकर ''जोती जोत रली सम्पूर्ण थीया राम'' सबको सुख प्रदान करके 'गुरमुख जन्म सवार दरगाह को चल दिया।'

अगले वर्ष उनकी स्मृति में माघी के दिन श्री अखंड पाठ की सम्पूर्णता का भोग तो डाला गया परन्तु सूर्य ग्रहण के कारण यज्ञ (भंडारा) अगले दिन (दो माघ) को किया गया। उस दिन से हर वर्ष माघी वाले दिन श्री अखंड पाठ का भोग और दो माघ को यज्ञ होता है। गोनियाना भाई जगता में यह परम्परा आज तक निरन्तर चल रही है और भविष्य में भी चलती रहेगी। मुझे विश्वास है।

साध की सोभा साध बनि आई
नानक साध प्रभु भेद न भाई।

***

# ਦਫ਼ਤਰ ਵਰ-ਘਰ

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)
ਮੁੱਖ ਇੰਚਾਰਜ: ਸ: ਅਵਤਾਰ ਸਿੰਘ 'ਪ੍ਰੀਤ',
ਫ਼ੋਨ: 0164-262098, ਫੈਕਸ : 262657

ਜਿਨ੍ਹਾਂ ਨੇ ਦਫ਼ਤਰ ਵਰ-ਘਰ ਵਿੱਚ ਫ਼ਾਰਮ ਭਰੇ ਹੋਏ ਹਨ ਉਹ ਚਿੱਠੀ-ਪੱਤਰ ਕਰਨ ਸਮੇਂ ਬਾਕਸ ਨੰਬਰ ਤੇ ਲੜਕੇ/ਲੜਕੀ ਦੀ ਕਾਰਡ ਸਾਈਜ਼ ਫ਼ੋਟੋ ਰਜਿਸਟਰਡ ਪੱਤਰ ਰਾਹੀਂ ਜ਼ਰੂਰ ਭੇਜਣ ਦੀ ਕਿਰਪਾ ਕਰਨ। ਜੇਕਰ ਆਪ ਜੀ ਦੇ ਲੜਕੇ / ਲੜਕੀ ਦਾ ਰਿਸ਼ਤਾ ਹੋ ਜਾਂਦਾ ਹੈ ਤਾਂ ਦਫ਼ਤਰ ਵਰ-ਘਰ ਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨੀ।

## ਵਰ ਦੀ ਲੋੜ

1. ਸੋਢੀ ਖੱਤਰੀ, ਮੈਟ੍ਰਿਕ ਪਾਸ, 24 ਸਾਲ, 5'1" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। ਅੰਮ੍ਰਿਤਧਾਰੀ ਨੂੰ ਪਹਿਲ। (ਬਾਕਸ ਨੰ: 1085)
2. ਅਰੋੜਾ ਸਿੱਖ ਘੁਲਿਆਣੀ, D.Pharma, B.A. & M.A. Eng. ਉਮਰ 25 ਸਾਲ, ਕੱਦ 5'5" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। ਚੰਡੀਗੜ੍ਹ ਜਾਂ ਨਜ਼ਦੀਕ ਵਾਸੀ ਨੂੰ ਪਹਿਲ। (ਬਾਕਸ ਨੰ: 1086)
3. ਅਰੋੜਾ ਸਿੱਖ ਮਦਾਨ, E.T.T., B.Sc., B.Ed., Doing M.A., ਉਮਰ 22 ਸਾਲ, 5'1" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1087)
4. ਅਰੋੜਾ ਸਿੱਖ ਘੁਲਿਆਣੀ, M.A., M.Phil, ਐਡਹਾਕ ਲੈਕਚਰਾਰ, ਉਮਰ 25 ਸਾਲ, 5'3" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। ਸਰਵਿਸ ਵਾਲੇ ਨੂੰ ਪਹਿਲ। (ਬਾਕਸ ਨੰ: 1088)

## ਕੰਨਿਆਂ ਦੀ ਲੋੜ

1. ਅਰੋੜਾ ਸਿੱਖ ਸਚਦੇਵਾ, B.A., E.T.T. ਟੀਚਰ ਲੱਗੇ, ਉਮਰ 28 ਸਾਲ, 5'7" ਲੜਕੇ ਲਈ ਸਰਕਾਰੀ ਸਰਵਿਸ ਕਰਦੀ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 2085)
2. ਅਰੋੜਾ ਸਿੱਖ ਘੁਲਿਆਣੀ, B.A., ਉਮਰ 25 ਸਾਲ, 5'5" ਆਪਣਾ ਜਨਰਲ ਸਟੋਰ ਅਤੇ ਟ੍ਰਾਂਸਪੋਰਟ ਦਾ ਬਿਜ਼ਨੈੱਸ ਕਰਦੇ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 2086)
3. ਅਰੋੜਾ ਸਿੱਖ ਕਾਲੜਾ, B.A., ਉਮਰ 28 ਸਾਲ, 5'6" ਆਪਣਾ ਕਾਰੋਬਾਰ ਕਰਦੇ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 2087)
4. ਅਰੋੜਾ ਸਿੱਖ ਧਮੀਜਾ, M.Sc., M.Phil, 36 ਸਾਲ, 5' 5" ਕਾਲਜ ਵਿੱਚ ਲੈਕਚਰਾਰ ਲੱਗੇ ਲੜਕੇ ਲਈ ਅੱਛੀ ਪੜ੍ਹੀ-ਲਿਖੀ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 2088)

ਪ੍ਰਿੰਟਰ ਪਬਲਿਸ਼ਰ ਤੇ ਮਾਲਕ ਸ੍ਰੀਮਾਨ 108 ਸੰਤ ਬਾਬਾ ਤੀਰਥ ਸਿੰਘ ਜੀ ਨੇ ਸਤਾਸ ਮਿੱਤਲ ਪ੍ਰਿੰਟਿੰਗ ਪ੍ਰੈਸ ਬਠਿੰਡਾ ਤੋਂ ਛਪਵਾ ਕੇ 'ਭਾਈ ਘਨੱਈਆ ਸੇਵਾ ਸੁਸਾਇਟੀ (ਰਜਿ.) ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ) ਤੋਂ ਮਿਤੀ 1 ਜਨਵਰੀ 2002 ਨੂੰ ਜਾਰੀ ਕੀਤਾ।


ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥

## ਭਾਈ ਘਨੱਈਏ ਦੀ ਕੁਲ ਦੇ ਨਾਦੀ ਕੁਲਭੂਸ਼ਨ

12ਵੇਂ ਮੁੱਖ ਪਥ-ਪ੍ਰਦਰਸ਼ਕ

ਅਤੇ

ਸੇਵਾ ਪੰਥੀ ਅੱਡਣ ਸ਼ਾਹੀ ਸਭਾ (ਰਜਿ:) ਅੰਮ੍ਰਿਤਸਰ ਦੇ
ਵਰਤਮਾਨ ਪ੍ਰਧਾਨ



ਹਰਮਨ ਪਿਆਰੀ ਮਨੋਹਰ ਸ਼ਖ਼ਸੀਅਤ

## ਸ਼੍ਰੀਮਾਨ 108 ਮਹੰਤ ਭਾਈ ਤੀਰਥ ਸਿੰਘ ਜੀ 'ਸੇਵਾ ਪੰਥੀ'

ਟਿਕਾਣਾ ਭਾਈ ਜਗਤਾ ਜੀ ਸਾਹਿਬ (ਨੂਰਪੁਰ ਥਲ)
ਗੋਨਿਆਣਾ ਮੰਡੀ-151201 (ਬਠਿੰਡਾ, ਪੰਜਾਬ)

Bhai Kanhaiya Sewa Joti (Monthly) R.N.I. Regd. No. 046716/84
Regd. No. Pb./1002/2001 Chandigarh Dt. 19-1-2001 (Applied Renewal for 2002)

ੴ

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ।।



ਸਾਹਿਬੇ ਕਮਾਲ ਕਲਗ਼ੀਧਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 336ਵੇਂ ਅਵਤਾਰ ਗੁਰਪੁਰਬ ਦੀਆਂ

# ਲੱਖ-ਲੱਖ ਵਧਾਈਆਂ

ਭੇਟ ਕਰਤਾ :-

## (ਮਹੰਤ) ਤੀਰਥ ਸਿੰਘ 'ਸੇਵਾ ਪੰਥੀ'

ਟਿਕਾਣਾ ਭਾਈ ਜਗਤਾ ਜੀ ਸਾਹਿਬ,
ਗੋਨਿਆਣਾ ਮੰਡੀ (ਬਠਿੰਡਾ) ਫੋਨ 0164-262012,262051